ੴ ਸਤਿਗੁਰ ਪ੍ਰਸਾਦਿ

# ਸਫ਼ਲ ਅਰਦਾਸ ਦੀ ਜੁਗਤੀ

ਲੇਖਕ
ਸੰਤ ਰੇਣ ਗਿਆਨੀ ਵਰਿਯਾਮ ਸਿੰਘ ਜੀ

www.vidhia.com

ਪ੍ਰਕਾਸ਼ਕ
ਕਰਨਲ ਸੁਰਜੀਤ ਸਿੰਘ ਨਿਸ਼ਾਨ
email:surjitnishan296@yahoo.com



ਲੇਖਕ :

ਸੰਤ ਰੇਣ ਗਿਆਨੀ ਵਰਿਯਾਮ ਸਿੰਘ ਜੀ ਜਿਨ੍ਹਾਂ ਨੇ 1930 ਤੋਂ ਲੈ ਕੇ 1990 ਤੱਕ ਸੰਗਤਾਂ ਨੂੰ ਸ਼ੁੱਧ ਰਾਗਾਂ ਵਿਚ ਗੁਰਬਾਣੀ ਕੀਰਤਨ ਨਾਲ ਜੋੜ ਕੇ ਥਾਈਲੈਂਡ, ਸਿੰਘਾਪੁਰ, ਮਲੇਸ਼ੀਆ, ਅਮਰੀਕਾ, ਕੈਨੇਡਾ, ਇੰਗਲੈਂਡ, ਅਫ਼ਰੀਕਾ ਅਦਿ ਮੁਲਕਾਂ ਵਿਚ ਅੰਮ੍ਰਿਤ ਦੀ ਦਾਤ ਵੰਡੀ।

ੴ ਸਤਿਗੁਰ ਪ੍ਰਸਾਦਿ

# ਸਫ਼ਲ ਅਰਦਾਸ ਦੀ ਜੁਗਤੀ

ਲੇਖਕ
ਸੰਤ ਰੇਣ ਗਿਆਨੀ ਵਰਿਯਾਮ ਸਿੰਘ ਜੀ

ਪ੍ਰਕਾਸ਼ਕ
ਕਰਨਲ ਸੁਰਜੀਤ ਸਿੰਘ ਨਿਸ਼ਾਨ
email:surjitnishan296@yahoo.com

© ਸਭ ਹੱਕ ਕਰਤਾ ਦੇ ਰਾਖਵੇਂ ਹਨ

ਪਹਿਲਾ ਸੰਸਕਰਨ 1969

ਦੂਜਾ ਸੰਸਕਰਨ 1979

ਤੀਜਾ ਸੰਸਕਰਨ 2014

ਇਸ ਸੰਸਕਰਨ ਦੀ ਛਪਾਈ ਦੀ ਸੇਵਾ
ਸ: ਵਿਕਰਮਜੀਤ ਸਿੰਘ ਮੱਟੂ ਮਾਲਕ ਸਿੰਘ ਟਰੱਕਿੰਗ
(ਫ਼ਰਿਜ਼ਨੋ ਕੈਲੀਫ਼ੋਰਨੀਆਂ) ਨੇ ਕੀਤੀ।

ਛਾਪਕ :
ਪ੍ਰਿੰਟਿੰਗ ਸੈਂਟਰ,
2235/21-ਸੀ, ਚੰਡੀਗੜ੍ਹ।
ਫ਼ੋਨ:0172-2702384

# ਆਰੰਭਕ ਬੇਨਤੀ

ਸਿੱਖ ਸਿਧਾਂਤਾਂ ਵਿਚ ਅਰਦਾਸ ਦਾ ਵਿਸ਼ੇਸ਼ ਸਥਾਨ ਹੈ। ਇਸ ਦੇ ਵੱਖ ਵੱਖ ਪੱਖਾਂ ਤੇ ਵਿਸਥਾਰ ਸਹਿਤ ਇੱਕ ਵੱਢੀ ਪੁਸਤਕ ਰਚੀ ਜਾ ਸਕਦੀ ਹੈ।

ਸੰਤ ਰੇਣ ਗਿ. ਵਰਿਯਾਮ ਸਿੰਘ ਜੀ ਨੇ ਹਥਲੀ ਪੁਸਤਕ ਵਿਚ ਅਰਦਾਸ ਦੇ ਕਰੀਬਨ ਹਰ ਪਹਿਲੂ ਤੇ ਵਿਚਾਰ ਕਰ ਕੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਦਾ ਸਫਲ ਉੱਦਮ ਕੀਤਾ ਹੈ।

ਅਜਿਹਾ ਕਰਨ ਲਈ ਲੇਖਕ ਦਾ ਆਪਣੇ ਜੀਵਨ ਵਿਚ ਪ੍ਰਾਪਤ ਕੀਤਾ ਗੁਰਮਤਿ ਗਿਆਨ, ਦੇਸ਼ ਵਿਦੇਸ਼ਾਂ ਵਿਚ ਧਰਮ ਪ੍ਰਚਾਰ ਕਰਨ ਦਾ ਵਸੀਹ ਤਜਰਬਾ ਅਤੇ ਲੇਖਕ ਦੀ ਗੁਰਬਾਣੀ ਦੀ ਸੰਗੀਤਾਤਮਿਕ ਅਤੇ ਅਧਿਆਤਮਿਕ ਸੂਝ ਵਧੇਰੇ ਸਹਾਈ ਹੋਈ ਹੈ।

ਇਸ ਛੋਟੀ ਜਿਹੀ "ਗਾਗਰ ਵਿਚ ਸਾਗਰ" ਰੂਪੀ ਪੁਸਤਕ ਬਾਰੇ ਇੰਨਾ ਕਹਿਣਾ ਹੀ ਕਾਫ਼ੀ ਹੈ ਕਿ ਇਸ ਦੀ ਪਹਿਲੀ ਐਡੀਸ਼ਨ ਤੋਂ ਬਾਅਦ ਪਾਠਕਾਂ ਦੇ ਜ਼ੋਰ ਦੇਣ ਤੇ ਹੀ ਲੇਖਕ ਨੂੰ ਦੂਸਰੀ ਐਡੀਸ਼ਨ ਜਲਦੀ ਛਾਪਣ ਦਾ ਯਤਨ ਕਰਨਾ ਪਿਆ।

ਪੁਸਤਕ ਨੂੰ ਇਸ ਵਾਰੀ ਮੁੜ ਸੋਧਣ ਦਾ ਉਚੇਚਾ ਯਤਨ ਕੀਤਾ ਗਿਆ ਹੈ। ਜਿਸ ਲਈ ਛਪਾਈ, ਸੁਧਾਈ ਆਦਿ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਜੇ ਕੋਈ ਭੁੱਲ ਚੁੱਕ ਰਹਿ ਗਈ ਹੋਵੇ ਜਿਹੜੀ ਕਿ ਇੱਕ ਇਨਸਾਨ ਨਾਤੇ ਹੋਣੀ ਸੰਭਵ ਹੈ ਉਸ ਲਈ ਇਨ੍ਹਾਂ ਸਤਰਾਂ ਦਾ ਲੇਖਕ ਖਿਮਾ ਦਾ ਜਾਚਕ ਹੈ।

ਪਾਠਕਾਂ ਦੀ ਸੇਵਾ ਵਿਚ ਬਿਨੈ ਹੈ ਕਿ ਜੇ ਉਨ੍ਹਾਂ ਨੂੰ ਇਸ ਰਚਨਾ ਵਿਚੋਂ ਕੁੱਝ ਵੀ ਚੰਗਾ ਲੱਗੇ ਤਾਂ ਉਹ ਪੁਸਤਕ ਦੇ ਕਰਤਾ ਦਾ ਹਰ ਪ੍ਰਕਾਰ ਨਾਲ ਹੌਸਲਾ ਵਧਾਉਣ ਤਾਂ ਕਿ ਉਹ ਆਪਣੀ ਜੀਵਨ ਨਿਧੀ ਵਿਚੋਂ ਅਜਿਹੀ ਹੋਰ ਰਚਨਾ ਕਰਨ ਦਾ ਉਪਰਾਲਾ ਕਰ ਸਕਣ।

ਜਸਬੀਰ ਸਿੰਘ ਬੀਰ

ਪਟਿਆਲਾ

# ਸਮਰਪਣ

ਉਨ੍ਹਾਂ ਪਵਿੱਤਰ ਆਤਮਾਵਾਂ ਨੂੰ ਜਿਨ੍ਹਾਂ ਦੀ ਸਫਲ
ਅਰਦਾਸ ਦੀ ਬਰਕਤ ਦਾ ਸਦਕਾ ਦਾਸ
ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ
ਦੀ ਸੋਝੀ ਹੋਈ।

ਗੁਰਦੇਵ ਮਾਤਾ ਗੁਰਦੇਵ ਪਿਤਾ

# ਮੁੱਖ ਸ਼ਬਦ

ਸ੍ਰੀ ਮਾਨ ਸੰਤ ਰੇਣ ਗਿ. ਵਰਿਯਾਮ ਸਿੰਘ ਜੀ ਆਦ੍ਰਸ਼ ਰਚਿਤ ਅਰਦਾਸ ਸ਼ਕਤੀ ਨਾ ਦੀ ਪੁਸਤਕ ਪੜ੍ਹ ਕੇ ਮਨ ਨੂੰ ਇੱਕ ਅਦਭੁਤ ਰਹੱਸ ਅਤੇ ਅਨੰਦ ਪ੍ਰਤੀਤ ਹੁੰਦਾ ਹੈ, ਇਹ ਨਿੱਕੀ ਜਿਹੀ ਪੁਸਤਕ ਸਿੱਖੀ ਦੇ ਵੱਡੇ ਅਤੇ ਗੁੱਝੇ ਭਾਵਾਂ ਨੂੰ ਉਜਾਗਰ ਕਰਦੀ ਹੈ। ਇਸ ਵਿਚ ਅੰਕਿਤ ਕੀਤੇ ਵਿਚਾਰ ਨਿੱਗਰ ਅਤੇ ਭਾਵ ਪੂਰਤ ਹਨ ਜਿਨ੍ਹਾਂ ਨੂੰ ਪੜ੍ਹ ਕੇ ਟੁੱਟੇ ਦਿਲਾਂ ਨੂੰ ਇਹ ਧਰਵਾਸ ਬੱਝਦੀ ਹੈ ਕਿ ਸਿਦਕ-ਦਿਲੀ ਨਾਲ ਕੀਤੀ ਅਰਦਾਸ ਕਦੇ ਬਿਰਥੀ ਨਹੀਂ ਹੁੰਦੀ ਅਤੇ ਅਰਦਾਸ ਕਰਨ ਵਾਲੇ ਜੀਵ ਆਪਣੇ ਦਾਤਾਰ ਪ੍ਰੀਤਮ ਤੋਂ ਜੋ ਜੋ ਮੰਗਾਂ ਮੰਗਦੇ ਹਨ ਸਾਹਿਬ ਉਨ੍ਹਾਂ ਦੇ ਪ੍ਰੇਮ ਵੱਸ ਹੋ ਕੇ ਉਨ੍ਹਾਂ ਦੀਆਂ ਝੋਲੀਆਂ ਬਖਸ਼ਸ਼ਾਂ ਅਤੇ ਰਹਿਮਤਾਂ ਨਾਲ ਭਰ ਦਿੰਦੇ ਹਨ।

ਅਰਦਾਸ ਸ਼ਬਦ ਦੀ ਬਣਤਰ ਫ਼ਾਰਸੀ ਜ਼ੁਬਾਨ ਦੇ ਦੋ ਸ਼ਬਦਾਂ ਅਰਜ਼+ਦਾਸ਼ਤ ਦੇ ਸੁਮੇਲ ਤੋਂ ਹੀ ਸਾਕਾਰ ਹੋਈ ਜਾਪਦੀ ਹੈ। ਪਰ ਗੁਰਮਤਿ ਦੀ ਰਹਿਣੀ ਵਿਚ ਆ ਕੇ ਇਸ ਦੀ ਮਹਾਨਤਾ ਵਧੇਰੇ ਹੋ ਗਈ ਹੈ। ਹਰ ਰੋਜ਼ ਸਵੇਰੇ ਸ਼ਾਮ ਹਰ ਗੁਰਸਿੱਖ ਆਪਣੇ ਨਿੱਤਨੇਮ ਦੇ ਪਾਠ ਤੋਂ ਬਾਅਦ ਅਕਾਲ ਪੁਰਖ ਦੇ ਚਰਨਾਂ ਵਿਚ ਦੋਏ ਕਰ ਜੋੜ ਸ਼ੁਕਰਾਨੇ ਵਜੋਂ ਅਰਦਾਸ ਕਰਦਾ ਹੈ ਕਿ ਹੇ ਦਾਤਾ ਆਪ ਜੀ ਦੀ ਮਹਾਨ ਕਿਰਪਾਲਤਾ ਦੁਆਰਾ ਚਾਰ ਪਹਿਰ ਦਿਨ ਸੁੱਖ ਦਾ ਬਤੀਤ ਹੋਇਆ ਹੈ ਅਤੇ ਆਪ ਜੀ ਨੂੰ ਜਿਵੇਂ ਭਾਵੇਂ ਚਾਰ ਪਹਿਰ ਰਾਤ ਸੁੱਖਾਂ ਦੀ ਬਤੀਤ ਕਰਨੀ। ਗੁਰਸਿੱਖ ਨੇ ਅਰਦਾਸ ਕੇਵਲ ਦਾਤਾਂ ਮੰਗਣ ਲਈ ਹੀ ਨਹੀਂ ਕਰਨੀ ਸਗੋਂ ਉਸ ਦੀਆਂ ਦਿੱਤੀਆਂ ਦਾਤਾਂ ਪਾ ਕੇ ਦੇਣਹਾਰ ਦਾਤਾਰ ਨੂੰ ਭੁੱਲਣਾ ਨਹੀਂ ਅਤੇ ਅਰਦਾਸ ਰਾਹੀਂ ਉਸ ਦਾ ਸ਼ੁਕਰਗੁਜ਼ਾਰ ਹੋਣਾ ਹੈ।

ਗੁਰਮਤਿ ਸਿਧਾਂਤ ਅਨੁਸਾਰ ਜ਼ਰੂਰੀ ਹੈ ਕਿ ਅਰਦਾਸ ਕਰਨ ਵਾਲੇ ਦਾ ਮਨ ਗੁਰੂ ਚਰਨਾਂ ਵਿਚ ਜੁੜਿਆ ਹੋਵੇ, ਜੇ ਅਸੀਂ ਤਨ ਕਰ ਕੇ ਗੁਰੂ ਦੀ ਹਜ਼ੂਰੀ ਵਿਚ ਬੈਠੇ ਹੋਈਏ ਅਤੇ ਮਨ ਦਸਾਂ ਦਿਸ਼ਾ ਵਿਚ ਭਰਮਦਾ ਫਿਰੇ ਤਾਂ ਸਾਡੀ ਅਰਦਾਸ ਕੌਣ ਸੁਣੇਗਾ। ਭਗਤ ਨਾਮਦੇਵ, ਪ੍ਰਹਿਲਾਦ, ਦਰੋਪਤੀ, ਭਾਈ ਬਿਧੀ ਚੰਦ, ਅਕਾਲੀ ਫੂਲਾ ਸਿੰਘ ਅਤੇ ਲੋਹ ਗੜ੍ਹ ਦੇ ਪਠਾਣ ਗੁਰਸਿੱਖਾਂ ਦੀ ਅਰਦਾਸ ਤਾਂ ਹੀ ਦਾਤਾਰ ਦੇ ਚਰਨਾਂ ਵਿਚ ਪ੍ਰਵਾਨ ਹੋਈ ਜਦੋਂ ਉਨ੍ਹਾਂ ਨੇ ਸੰਸਾਰ ਦੇ ਸਾਰੇ ਆਸਰਿਆਂ ਤੋਂ ਉਪਰਾਮ ਹੋ ਕੇ 'ਸੁਖ ਦਾਤਾ ਭੈ ਭੰਜਨੋ' ਦੇ ਚਰਨਾ ਵਿਚ ਮਨ ਜੋੜ ਕੇ ਅਰਦਾਸ ਕੀਤੀ, ਜਿਸ ਦੀ ਸਫਲਤਾ ਨੇ ਸੰਸਾਰ ਦੇ ਮਨਾਂ ਤੇ ਅਮਿੱਟ ਅਸਰ ਕੀਤਾ ਅਤੇ ਗੁਰਦੇਵ ਨੇ ਇਲਾਹੀ ਬਾਣੀ ਵਿਚ ਫੁਰਮਾਨ ਕੀਤਾ 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸ'।

ਗੁਰਸਿੱਖ ਆਪਣਾ ਹਰ ਕੰਮ ਆਰੰਭ ਕਰਨ ਤੋਂ ਪਹਿਲਾਂ ਸਤਿਗੁਰੂ ਦੇ ਚਰਨਾਂ ਵਿਚ ਦੋਇ ਕਰ ਜੋੜ ਅਰਦਾਸ ਕਰਦਾ ਹੈ ਤੇ ਆਖਦਾ ਹੈ "ਤੁਧ ਭਾਵੇ ਤਾਂ ਆਣੇ ਰਾਸ" ਕਿਤਨੀ ਨਿਮਰਤਾ ਹੈ, ਪਿਆਰ ਹੈ, ਕੋਈ ਜ਼ੋਰ ਨਹੀਂ, ਚਤਰਾਈ ਜਾਂ ਸਿਆਣਪ ਨਹੀਂ ਕੇਵਲ ਭਰੋਸਾ ਹੈ ਆਪਣੇ ਪਿਆਰੇ ਉੱਤੇ ਕਿ ਹੇ ਦਾਤਾ ਤੈਨੂੰ ਭਾਏ ਤਾਂ ਮੇਰਾ ਕੰਮ ਰਾਸ ਕਰੀਂ। ਹੱਦ ਹੈ ਪਿਆਰ ਦੀ ਜਦ ਅਰਦਾਸ ਕਰ ਰਹੀ ਰਸਣਾ ਇੰਜ ਆਖਦੀ ਹੈ:

ਆਪੇ ਜਾਣੈ ਕਰੇ ਆਪ ਆਪੇ ਆਣੈ ਰਾਸ।

ਤਿਸੈ ਅਗੈ ਨਾਨਕਾ ਖਲਇ ਕੀਚੈ ਅਰਦਾਸ।

ਦਾਤਾਰ ਪ੍ਰੀਤਮ ਦੇ ਚਰਨਾਂ ਵਿਚ ਜੁੜਨ ਲਈ ਅਰਦਾਸ ਕਰਨੀ ਹੈ ਅਤੇ ਆਪਣੇ ਮਨ ਨੂੰ ਜੋੜਨਾ ਹੈ ਉਸ ਅਕਾਲ ਪੁਰਖ ਰੂਪੀ ਲਾਈਟ ਹਾਊਸ ਦੇ ਨਾਲ ਤਾਂ ਜੋ ਅਸੀਂ ਕਈ ਜਨਮਾਂ ਤੋਂ ਵਿੱਛੜੇ ਚੁਰਾਸੀ ਲੱਖ ਜੂਨਾਂ ਵਿਚ ਭਰਮਦੇ ਇਸ ਮਨੁੱਖਾ ਦੇਹੀ ਦੀ ਪ੍ਰਾਪਤੀ ਦਾ ਲਾਹਾ ਖੱਟ ਸਕੀਏ।

ਆਸ ਹੈ ਕਿ ਇਹ ਪੁਸਤਕ ਪਾਠਕਾਂ ਨੂੰ ਅਰਦਾਸ ਦੀ ਸ਼ਕਤੀ ਰਾਹੀਂ ਅਕਾਲ ਪੁਰਖ ਨਾਲ ਮੇਲਣ ਵਿਚ ਸਹਾਈ ਹੋਵੇਗੀ ਅਤੇ ਸੰਤ ਰੇਣ ਜੀ ਮਹਾਰਾਜ ਦੀ ਘਾਲ ਨੂੰ ਸਤਿਗੁਰੂ ਲੇਖੇ ਲਾਉਣਗੇ।

ਦਾਸ,

ਗਿ: ਜਗਜੀਤ ਸਿੰਘ ਜੀਤ ਨਾਭਾ

# ਦੋ ਅੱਖਰ

ਮੇਰੇ ਸੁਹਿਰਦ ਵੀਰ ਬਾਵਾ ਤੇਜਭਾਨ ਸਿੰਘ ਨੇ ਮੈਨੂੰ ਇਹ ਪੁਸਤਕ ਜਦੋਂ ਅਣਛਪੀ ਸੀ ਤਾਂ ਵਿਚਾਰਨ ਲਈ ਦਿੱਤੀ ਸੀ।

ਮੈਂ ਇਸ ਪੁਸਤਕ ਨੂੰ ਪੜ੍ਹ ਕੇ ਅਨੁਭਵ ਕੀਤਾ ਹੈ ਕਿ ਅਰਦਾਸ ਬੁੱਧੀ ਦਾ ਵਿਸ਼ਾ ਨਹੀਂ ਬਲਕਿ ਇਸ ਦਾ ਸਬੰਧ ਸਾਡੀ ਆਤਮਾ ਨਾਲ ਹੈ।

ਸਾਡੀ ਰੋਜ਼ਾਨਾ ਦੀ ਅਰਦਾਸ ਬਹੁਤ ਡੂੰਘੇ ਭਾਵਾਂ ਦਾ ਸੰਕੇਤ ਹੈ। ਜਦੋਂ ਅਸੀਂ ਅਰਦਾਸ ਵਿਚ ਅੰਕਿਤ ਇਨ੍ਹਾਂ ਪੰਕਤੀਆਂ ਨੂੰ ਪੜ੍ਹਦੇ ਹਾਂ "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਤਨ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ"। ਤਾਂ ਹਿਰਦਾ ਕੰਬ ਉੱਠਦਾ ਹੈ ਕਿ ਕੀ ਸ਼ਕਤੀ ਸੀ ਉਨ੍ਹਾਂ ਸ਼ਹੀਦਾਂ ਕੋਲ? ਜਿਨ੍ਹਾਂ ਨੇ ਇਸ ਪੰਜ ਭੂਤਕ ਸਰੀਰ ਵਿਚ ਹੁੰਦਿਆਂ ਐਡੀਆਂ ਸਖ਼ਤ ਅਤੇ ਕਰੜੀਆਂ ਘਾਲਾਂ ਘਾਲੀਆਂ।

ਗੁਰਸਿੱਖ ਦੀ ਰੋਜ਼ਾਨਾ ਦੀ ਅਰਦਾਸ ਸਿੱਖ ਕੌਮ ਦਾ ਜਿਊਂਦਾ ਜਾਗਦਾ ਇਤਿਹਾਸ ਹੈ। ਜੇ ਸਿੱਖ ਕੋਲ ਅਰਦਾਸ ਹੈ ਤਾਂ ਇਤਿਹਾਸ ਹੈ ਅਤੇ ਜਿਸ ਕੌਮ ਕੋਲ ਇਤਿਹਾਸ ਨਹੀਂ ਉਹ ਮੁਰਦਾ ਹੈ।

ਇਹੀ ਕਾਰਨ ਹੈ ਕਿ ਅਰਦਾਸ ਗੁਰਮਤਿ ਦਰਸ਼ਨ ਦਾ ਇੱਕ ਵਿਸ਼ੇਸ਼ ਅੰਗ ਹੈ। ਗੁਰੂ ਸਾਹਿਬਾਨਾਂ ਨੇ ਜਿੱਥੇ ਬਾਣੀ ਪੜ੍ਹਨ ਅਤੇ ਨਾਮ ਜਪਣ ਲਈ ਹੁਕਮ ਕੀਤਾ ਹੈ ਉੱਥੇ ਅਰਦਾਸ ਨੂੰ ਵੀ ਵਿਸ਼ੇਸ਼ ਮਹੱਤਤਾ ਬਖ਼ਸ਼ੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਗਰ ਬਾਣੀ ਵਿਚ ਅਨੇਕਾਂ ਪੰਕਤੀਆਂ ਅੰਕਿਤ ਹਨ ਜੋ ਅਲਪੱਗ ਜੀਵ ਨੂੰ ਸਰਬ ਸ਼ਕਤੀਮਾਨ ਵਾਹਿਗੁਰੂ ਉੱਤੇ ਭਰੋਸਾ ਰੱਖ ਅਰਦਾਸ ਕਰਨ ਵਲ ਪ੍ਰੇਰਦੀਆਂ ਹਨ।

"ਸੁਖ ਦਾਤਾ ਭੈ ਭੰਜਨੋ ਤਿਸ ਆਗੈ ਕਰ ਅਰਦਾਸ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜ ਆਵੈ ਰਾਸ॥"

ਦਾਸ, ਰਾਜਿੰਦਰ ਸਿੰਘ ਨਾਭਾ

# ਅਰਦਾਸ

ੴ ਵਾਹਿਗੁਰੂ ਜੀ ਕੀ ਫ਼ਤਿਹ।

ਸ੍ਰੀ *ਭਗੌਤੀ ਜੀ ਸਹਾਇ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10॥

ਪ੍ਰਿਥਮ ਭਗੌਤੀ ਸਿਮਰ ਕੇ ਗੁਰੂ ਨਾਨਕ ਲਈ ਧਿਆਇ। ਫਿਰ ਅੰਗਦ ਤੇ ਗੁਰ ਅਮਰਦਾਸ, ਰਾਮ ਦਾਸੈ ਹੋਈ ਸਹਾਇ। ਅਰਜਨ ਹਰਿ ਗੋਬਿੰਦ ਨੂੰ ਸਿਮਰੋ ਸ੍ਰੀ ਹਰਿ ਰਾਇ। ਸ੍ਰੀ ਹਰਿ ਕ੍ਰਿਸ਼ਨ ਧਿਆਈਏ ਜਿਸ ਡਿੱਠੇ ਸਭ ਦੁੱਖ ਜਾਇ। ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਏ ਸਹਾਇ। ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਰਸ਼ਨ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ॥

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ ਜਿਨ੍ਹਾਂ ਨਾਮ ਜਪਿਆ ਵੰਡ ਛਕਿਆ ਦੇਗ ਚਲਾਈ ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ।

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਤਨ ਚਿਰਾਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ।

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ ਸਰਬੱਤ ਖਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿੱਤ ਆਵੇ ਚਿੱਤ ਆਵਨ ਕਾ ਸਦਕਾ ਸਰਬ ਸੁੱਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਿਹ, ਬਿਰਦ ਕੀ ਪੈਜ, ਪੰਥ ਕੀ ਜੀਤ ਸ੍ਰੀ ਸਾਹਿਬ ਜੀ ਸਹਾਇ ਖਾਲਸਾ ਜੀ ਕੇ ਬੋਲ ਬਾਲੇ ਬੋਲੋ ਜੀ ਵਾਹਿਗੁਰੂ।

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ ਬੋਲੋ ਜੀ ਵਾਹਿਗੁਰੂ।

ਸਿੱਖਾਂ ਦਾ ਮਨ ਨੀਵਾਂ ਮੱਤ ਉੱਚੀ ਮਤ ਪੱਤ ਦਾ ਰਾਖਾ ਆਪ ਵਾਹਿਗੁਰੂ ਜੀ, ਹੇ ਅਕਾਲ ਪੁਰਖ ਪੰਥ ਦੇ ਸਦਾ ਸਹਾਈ ਦਾਤਾਰ ਜੀਓ ਸ੍ਰੀ ਨਨਕਾਣਾ ਸਾਹਿਬ ਅਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਸੱਚੇ ਪਿਤਾ ਵਾਹਿਗੁਰੂ ਜੀ ਆਪ ਦੇ ਹਜ਼ੂਰ...(ਇੱਥੇ ਉਸ ਬਾਣੀ ਦਾ ਨਾਮ ਜਾਂ ਜਿਸ ਕਾਰਜ ਲਈ ਅਰਦਾਸ ਕੀਤੀ ਜਾ ਰਹੀ ਹੈ ਅਰਦਾਸੀਆ ਸਿੰਘ ਉਸ ਬਾਰੇ ਸੰਖੇਪ ਵਿਚ ਕਹੇ) ਅਰਦਾਸ ਹੈ ਜੀ, ਅੱਖਰ ਵਾਧਾ ਘਾਟਾ ਭੁੱਲ ਚੁੱਕ ਮੁਆਫ਼ ਕਰਨੀ ਸਰਬੱਤ ਦੇ ਕਾਰਜ ਰਾਸ ਕਰਨੇ ਸੇਈ ਗੁਰਮੁਖ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ, ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥

**********

# ਭਗਉਤੀ ਸ਼ਬਦ ਬਾਰੇ ਵਿਚਾਰ

ਅਰਦਾਸ ਦਾ ਪਹਿਲਾ ਬੰਦ ਚੰਡੀ ਦੀ ਵਾਰ ਦੇ ਮੰਗਲਾਚਰਨ ਦੀਆਂ ਪਹਿਲੀਆਂ 2 ਪੌੜੀਆਂ ਵਿਚੋਂ ਪਹਿਲੀ ਪੌੜੀ ਹੈ। ਚੰਡੀ ਦੀ ਵਾਰ ਹਿੰਦੋਸਤਾਨ ਦੇ ਪੁਰਾਤਨ ਸਾਹਿਤ ਦੀ ਸੰਸਕ੍ਰਿਤ ਵਿਚ ਲਿਖੀ ਦੁਰਗਾ ਸ਼ਪਤਸਹੀ ਦਾ 55 ਪੌੜੀਆਂ ਵਿਚ ਪੰਜਾਬੀ ਅਨੁਵਾਦ ਹੈ। ਇਸ ਵਾਰ ਵਿਚ ਦੁਰਗਾ ਦਾ ਦੈਂਤਾ ਨਾਲ ਹੋਏ ਯੁੱਧਾਂ ਦਾ ਵਰਣਨ ਹੈ। ਗ੍ਰੰਥ ਦਾ ਅਨੁਵਾਦ ਪਰਚਲਤ ਵਿਧੀ ਅਨੁਸਾਰ ਗ੍ਰੰਥ ਦੇ ਅਨੁਵਾਦ ਤੋਂ ਪਹਿਲਾਂ ਅਨੁਵਾਦ ਕਰਤਾ ਵੱਲੋਂ ਪਹਿਲੀਆਂ 2 ਪੌੜੀਆਂ ਮੰਗਲਾਚਰਨ ਦੇ ਰੂਪ ਵਿਚ ਲਿਖੀਆਂ ਹਨ।

ਇਸ ਵਾਰ ਵਿਚ ਭਗਉਤੀ ਸ਼ਬਦ ਕਈ ਵਾਰ ਵਰਤਿਆ ਗਿਆ ਹੈ ਅਤੇ ਪਰਕਰਨ ਅਨੁਸਾਰ ਇਹ ਸ਼ਬਦ 1. ਦੁਰਗਾ ਦੇਵੀ 2. ਵਾਹਿਗੁਰੂ ਦੀ ਸ਼ਕਤੀ 3. ਤਲਵਾਰ ਦੇ ਅਰਥਾਂ ਵਿਚ ਆਇਆ ਹੈ। ਤਿੰਨਾਂ ਹੀ ਜਗ੍ਹਾ ਤੇ ਅਰਥ ਵੱਖ ਵੱਖ ਸੰਧਰਬ ਮੁਤਾਬਿਕ ਵੱਖ ਵੱਖ ਹਨ। ਕੋਈ ਇੱਕ ਅਰਥ ਸਭ ਜਗ੍ਹਾ ਨਹੀਂ ਥੋਪਿਆ ਜਾ ਸਕਦਾ।

**ਭਗਉਤੀ – ਦੁਰਗਾ ਦੇਵੀ**: ਕਿਉਂਕਿ ਵਾਰ ਦੁਰਗਾ ਦੇਵੀ ਦੇ ਦੈਂਤਾਂ ਨਾਲ ਹੋਏ ਯੁੱਧਾਂ ਬਾਰੇ ਹੈ ਜਿਸ ਦੇਵੀ ਨੂੰ ਭਗਵਤੀ/ ਭਗਉਤੀ/ਭਗੌਤੀ ਵੀ ਕਿਹਾ ਜਾਂਦਾ ਹੈ ਇਸ ਲਈ ਇਸ ਵਾਰ ਦੇ ਸਿਰਲੇਖ "ਵਾਰ ਸ੍ਰੀ ਭਗਉਤੀ ਜੀ ਕੀ" ਵਿਚ ਸ਼ਬਦ ਭਗਉਤੀ ਸਪਸ਼ਟ ਤੌਰ ਤੇ ਜਿਸ ਦੇਵੀ ਦੀ ਵਾਰ ਹੈ ਉਸੇ ਦੁਰਗਾ ਦੇਵੀ ਵੱਲ ਸੰਕੇਤ ਕਰਦਾ ਹੈ।

**ਭਗਉਤੀ – ਵਾਹਿਗੁਰੂ ਜੀ ਦੀ ਸ਼ਕਤੀ:** ਇਸ ਤੋਂ ਅੱਗੇ ਵਾਰ ਸ਼ੁਰੂ ਕਰਨ ਤੋਂ ਪਹਿਲਾਂ ਮੰਗਲਾਚਰਨ ਦੇ ਰੂਪ ਵਿਚ 2 ਪੌੜੀਆਂ ਹਨ। ਪਹਿਲੀ ਪੌੜੀ ਦੇ ਸ਼ੁਰੂ ਵਿਚ ਲਿਖੇ ਸ਼ਬਦ "ਪ੍ਰਿਥਮ ਭਗਉਤੀ" ਬਾਰੇ ਕਈ ਸ਼ੰਕਾਵਾਦੀਆਂ ਨੇ ਇੱਥੇ ਵੀ ਅਰਥ ਦੁਰਗਾ ਦੇਵੀ ਕਰ ਕੇ ਇਹ ਸ਼ੰਕਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕਿਸੇ ਬਿੱਪਰ ਨੇ ਇਹ ਪੌੜੀ ਲਿਖ ਕੇ ਗੁਰੂ ਸਾਹਿਬਾਨ ਤੋਂ ਪਹਿਲਾਂ ਦੁਰਗਾ ਦੇਵੀ ਨੂੰ ਸਿਮਰ ਕੇ ਸਿੱਖਾਂ ਨੂੰ ਦੁਰਗਾ ਦਾ ਭਗਤ ਬਣਾ ਦਿੱਤਾ ਹੈ ਅਤੇ ਇਹ ਪੌੜੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਹੋਈ ਨਹੀਂ ਹੋ ਸਕਦੀ। ਇਸ ਲਈ ਉਨ੍ਹਾਂ ਸ਼ੰਕਾਵਾਦੀਆਂ ਨੇ "ਪ੍ਰਿਥਮ ਭਗਉਤੀ" ਦੀ ਥਾਂ "ਪ੍ਰਿਥਮ ਸਤਿਨਾਮ ਵਾਹਿਗੁਰੂ ਸਿਮਰ ਕੇ" ਕਹਿਣਾ ਸ਼ੁਰੂ ਕਰ ਦਿੱਤਾ ਇਹ ਕਿੰਨਾ ਕੁ ਠੀਕ ਹੈ ਜਾਂ ਗਲਤ ਹੈ ਇਸ ਬਾਰੇ ਵਿਚਾਰ ਹੇਠਾਂ ਦਿੱਤੇ ਗਏ ਹਨ।

ਅਸੀਂ ਜਾਣਦੇ ਹਾਂ ਕਿ ਗੁਰਬਾਣੀ ਵਿਚ ਸ਼ਬਦ **ਰਾਮ** ਬਹੁਤ ਵਾਰ ਆਇਆ ਹੈ। ਇਹ ਸ਼ਬਦ ਕਈ ਵਾਰ ਸ੍ਰੀ ਰਾਮ ਚੰਦਰ ਦਾ ਲਖਾਇਕ ਹੈ ਅਤੇ ਕਈ ਵਾਰ ਰਾਮ ਸ਼ਬਦ ਸਰਬ ਸ਼ਕਤੀਮਾਨ ਸਰਿਸ਼ਟੀ ਵਿਚ ਰਮੇ ਹੋਏ ਸਰਬ ਵਿਆਪਕ ਵਾਹਿਗੁਰੂ ਦਾ ਲਖਾਇਕ ਹੈ। ਇਸ ਸ਼ਬਦ ਦਾ ਸਹੀ ਅਰਥ ਉਸ ਪੰਕਤੀ ਜਾਂ ਸ਼ਬਦ ਦੇ ਪਰਕਰਨ ਤੋਂ ਹੀ ਪਤਾ ਚੱਲ ਸਕਦਾ ਹੈ। ਅਸੀਂ ਸਭ ਜਗ੍ਹਾ ਰਾਮ ਦੇ ਅਰਥ ਰਾਮ ਚੰਦਰ ਜਾਂ ਵਾਹਿਗੁਰੂ ਦੀ ਸ਼ਕਤੀ ਨਹੀਂ ਕਰ ਸਕਦੇ। ਸ਼ਬਦ ਦੇ ਅਰਥ ਪਰਕਰਨ ਮੁਤਾਬਕ ਹੀ ਕਰਨੇ ਸਹੀ ਹੋਣਗੇ। ਗੁਰਬਾਣੀ ਵਿਚ ਆਏ ਸ਼ਬਦ ਰਾਮ ਨੂੰ ਜੇ ਸਭ ਜਗ੍ਹਾ ਰਾਮ ਚੰਦਰ ਹੀ ਲੈ ਲਈਏ ਜਾਂ ਸਭ ਜਗ੍ਹਾ ਸ਼ਬਦ ਅਰਥ ਵਾਹਿਗੁਰੂ ਹੀ ਕਰ ਲਈਏ ਤਾਂ ਅਰਥਾਂ ਦੇ ਅਨਰਥ ਹੋ ਜਾਣਗੇ। ਜਿਵੇਂ ਕਿ:

1) ਜਪੁਜੀ ਸਾਹਿਬ ਵਿਚਲੀ 37 ਵੀਂ ਪੌੜੀ ਵਿਚ "ਤਿੱਥੈ ਸੀਤੋ ਸੀਤਾ ਮਹਿਮਾ ਮਾਹਿ" ਪੰਕਤੀ ਤੋਂ 2 ਪੰਕਤੀਆਂ ਬਾਅਦ "ਜਿਨ ਕੈ ਰਾਮੁ ਵਸੈ ਮਨ ਮਾਹਿ" ਪੰਕਤੀ ਆਉਂਦੀ ਹੈ। ਜੇ ਕੋਈ ਸੀਤਾ ਅਤੇ ਰਾਮ ਨੂੰ ਇੱਕੋ ਪੌੜੀ ਵਿਚ ਆਉਣ ਕਰ ਕੇ ਇੱਥੇ ਰਾਮ ਦੇ ਅਰਥ ਤ੍ਰੇਤੇ ਜੁਗ ਦੇ ਅਵਤਾਰ ਅਤੇ ਉਨ੍ਹਾਂ ਦੀ ਸੁਪਤਨੀ ਸੀਤਾ ਵਜੋਂ ਕਰਨ ਲੱਗ ਪਵੇ ਤਾਂ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਰਾਮ (ਵਾਹਿਗੁਰੂ) ਦੇ ਬਿਲਕੁਲ ਉਲਟ ਅਰਥ ਹੋ ਜਾਣਗੇ।

2) ਰਾਜਾ ਰਾਮ ਅਨਹਦ ਕਿੰਗੁਰੀ ਬਾਜੈ। ਸ੍ਰੀ ਰਾਗੁ ਸ੍ਰੀ ਕਬੀਰ ਜੀਉ ਇਸ ਪੰਕਤੀ ਵਿਚ ਸ੍ਰੀ ਕਬੀਰ ਜੀ ਸਰਬ ਵਿਆਪੀ ਰਾਮ ਦੇ ਅਨਹਦ ਨਾਦ ਦੀ ਲਗਾਤਾਰ ਧੁਨੀ ਦੇ ਵੱਜਣ ਬਾਰੇ ਕਹਿ ਰਹੇ ਹਨ। ਇੱਥੇ ਰਾਜਾ ਰਾਮ ਤੋਂ ਭੁਲੇਖਾ ਖਾ ਕੇ ਅਰਥ ਅਯੁੱਧਿਆ ਦੇ ਰਾਜੇ ਰਾਮ ਕਰਨੇ ਕਬੀਰ ਜੀ ਦੇ ਆਸ਼ੇ ਦੇ ਉਲਟ ਹਨ।

3) ਸ੍ਰੀ ਰਾਮ ਨਾਮਾ ਚਿਤਾਰ ਮਨਾ। ਗਉੜੀ ਚੇਤੀ ਮ:1

ਗੁਰੂ ਨਾਨਕ ਦੇਵ ਜੀ ਸਰਬ ਵਿਆਪਕ ਵਾਹਿਗੁਰੂ ਦਾ ਨਾਮ ਸਿਮਰਨ ਦ੍ਰਿੜ ਕਰਵਾ ਰਹੇ ਹਨ।

4) ਗਾਵਨਿ ਸੀਤਾ ਰਾਜੇ ਰਾਮ। ਸਲੋਕ ਮ:1

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਰਾਸਧਾਰੀਆਂ ਦਾ ਜ਼ਿਕਰ ਕਰਦੇ ਹੋਏ ਫੁਮਾਉਂਦੇ ਹਨ ਕਿ ਆਪਣੀ ਰੋਜ਼ੀ ਰੋਟੀ ਲਈ ਸੀਤਾ ਅਤੇ ਰਾਮ ਦੇ ਗੁਣ ਗਾਉਂਦੇ ਹਨ ਆਦਿ।

5) ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ। ਸਲੋਕ ਮ:9

ਰਾਮ ਤ੍ਰੇਤੇ ਦੇ ਅਵਤਾਰ ਅਤੇ ਰਾਵਨ ਜਿਸ ਦਾ ਬਹੁਤ ਵੱਡਾ ਪਰਵਾਰ ਸੀ ਉਹ ਵੀ ਇਸ ਦੁਨੀਆਂ ਤੋਂ ਚਲੇ ਗਏ।

"ਪ੍ਰਿਥਮ ਭਗੌਤੀ ਸਿਮਰ ਕੇ ਗੁਰੁ ਨਾਨਕ ਲਈ ਧਿਆਇ। ਫਿਰ ਅੰਗਦ ਤੇ ਗੁਰ ਅਮਰਦਾਸ, ਰਾਮ ਦਾਸੈ ਹੋਈ ਸਹਾਇ। ਅਰਜਨ ਹਰਿ ਗੋਬਿੰਦ ਨੂੰ ਸਿਮਰੋ ਸ੍ਰੀ ਹਰਿ ਰਾਇ। ਸ੍ਰੀ ਹਰਿ ਕ੍ਰਿਸ਼ਨ ਧਿਆਈਏ ਜਿਸ ਡਿੱਠੇ ਸਭ ਦੁੱਖ ਜਾਇ। ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ। ਸਭ ਥਾਈਂ ਹੋਏ ਸਹਾਇ"।1।

ਸਾਡੀ ਅਰਦਾਸ ਦਾ ਪਹਿਲਾ ਬੰਦ ਚੰਡੀ ਦੀ ਵਾਰ ਦੀ ਪਹਿਲੀ ਪੌੜੀ ਹੈ। ਇਸ ਵਾਰ ਵਿਚ ਦੁਰਗਾ ਦਾ ਦੈਂਤਾ ਨਾਲ ਯੁੱਧ ਦਾ ਵਰਨਣ ਹੈ। ਇਹ ਵਾਰ ਹਿੰਦੋਸਤਾਨ ਦੇ ਪੁਰਾਤਨ ਸਾਹਿਤ ਦੁਰਗਾ ਸਪਤਸ਼ਹੀ ਦਾ ਪੰਜਾਬੀ ਵਿਚ ਕੀਤਾ ਅਨੁਵਾਦ ਹੈ। ਵਾਰ ਦੀ ਦੂਜੀ ਪੌੜੀ ਇਹ ਹੈ:

ਖੰਡਾ ਪ੍ਰਿਥਮੈ ਸਾਜ ਕੈ **ਜਿਨ** ਸਭ ਸੈਸਾਰ ਉਪਾਇਆ।
ਬ੍ਰਹਮਾ ਬਿਸ਼ਨ ਮਹੇਸ਼ ਸਾਜ ਕੁਦਰਤੀ ਦਾ ਖੇਲੁ ਰਚਾਇ ਬਣਾਇਆ।
ਸਿੰਧ ਪਰਬਤ ਮੇਦਨੀ ਬਿਨੁ ਥੰਮਾਂ ਗਗਨਿ ਰਹਾਇਆ।
ਸਿਰਜੇ ਦਾਨੋ ਦੇਵਤੇ ਤਿਨ ਅੰਦਰ ਬਾਦੁ ਰਚਾਇਆ।
**ਤੈ ਹੀ ਦੁਰਗਾ ਸਾਜ ਕੈ** ਦੈਂਤਾਂ ਦਾ ਨਾਸ ਕਰਾਇਆ।
ਤੈਥੋਂ ਹੀ ਬਲ ਰਾਮ ਲੈ ਨਾਲ ਬਾਣਾਂ ਦਹਸਿਰ ਘਾਇਆ।
ਤੈਥੋਂ ਹੀ ਬਲ ਕ੍ਰਿਸ਼ਨ ਲੈ ਕੰਸ ਕੇਸੀ ਪਕੜ ਗਿਰਾਇਆ।
ਬਢੇ ਬਡੇ ਮੁਨਿ ਦੇਵਤੇ ਕਈ ਜੁਗ ਜਿਨੀ ਤੱਪ ਤਾਇਆ।
ਕਿਨੀ ਤੇਰਾ ਅੰਤ ਨਾ ਪਾਇਆ।2।

ਜਿਸ ਭਗਉਤੀ ਨੂੰ ਪਹਿਲਾਂ ਸਿਮਰਿਆ ਹੈ ਚੰਡੀ ਦੀ ਵਾਰ ਦੀ ਦੂਜੀ ਪੌੜੀ ਵਿਚ ਕਰਤਾ ਨੇ ਉਸ ਬਾਰੇ ਵਿਸਥਾਰ ਸਹਿਤ ਉਲੇਖ ਕਰ ਕੇ ਆਪਣਾ ਆਸ਼ਾ ਦ੍ਰਿੜ ਕਰਵਾ ਦਿੱਤਾ ਹੈ। ਇਸ ਪੌੜੀ ਦਾ ਪਹਿਲਾ ਸ਼ਬਦ **ਜਿਨ** ਪ੍ਰਿਥਮ ਭਗੌਤੀ ਲਈ ਪੜਨਾਂਵ ਵਰਤ ਕੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਇਹ ਉਹ ਮਹਾਂ ਸ਼ਕਤੀ ਹੈ **ਜਿਸ ਨੇ** ਸੂਰਜ ਧਰਤੀ ਅਤੇ ਸਾਰੇ ਬ੍ਰਹਿਮੰਡ ਦੀ ਰਚਨਾ ਕੀਤੀ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਦੀ ਸਾਜਣਾ ਕੀਤੀ, ਜਿਸ ਕੋਲੋਂ ਸ਼ਕਤੀ ਲੈ ਕੇ ਰਾਮ ਨੇ ਲੰਕਾ ਪਤੀ ਰਾਵਨ ਦਾ ਵੱਧ ਕੀਤਾ, ਜਿਸ ਤੋਂ ਸ਼ਕਤੀ ਲੈ ਕੇ ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੋਂ ਪਕੜ ਕੇ ਸਿੰਘਾਸਣ ਤੋਂ ਉਤਾਰ ਦਿੱਤਾ, ਫਿਰ ਇਕ ਪੰਕਤੀ ਵਿਚ (**ਤੈਂ** ਹੀ ਦੁਰਗਾ ਸਾਜ ਕੇ ਦੈਂਤਾ ਦਾ ਨਾਸ ਕਰਾਇਆ) ਜਿਸ ਮਹਾਂ ਸ਼ਕਤੀ ਨੇ **ਦੁਰਗਾ ਨੂੰ ਸਾਜ** ਕੇ ਦੈਂਤਾਂ ਦਾ ਖ਼ਾਤਮਾ ਕੀਤਾ। ਇਸ ਸਾਰੀ ਪੌੜੀ ਵਿਚ ਉਸ ਸਿਰਜਣਹਾਰ ਸ਼ਕਤੀ ਦਾ ਜ਼ਿਕਰ ਕੀਤਾ ਗਿਆ ਹੈ ਜੋ ਦੁਰਗਾ ਨੂੰ ਬਣਾਉਣ/ਰਚਣ ਵਾਲੀ ਹੈ। ਸੋ ਇਸ ਤੋਂ ਸਪਸ਼ਟ ਹੋ ਗਿਆ ਕਿ ਗੁਰੂ ਸਾਹਿਬ ਵੱਲੋਂ ਵਰਤੇ ਸ਼ਬਦ **ਪ੍ਰਿਥਮ ਭਗਉਤੀ** ਦੇ ਅਰਥ ਦੁਰਗਾ ਦੇਵੀ ਨਹੀਂ ਬਲਕਿ ਦੁਰਗਾ ਨੂੰ ਸਿਰਜਣ ਵਾਲੀ ਮਹਾਂ ਸ਼ਕਤੀ ਪਰਮ ਸ਼ਕਤੀ ਵਾਹਿਗੁਰੂ ਹਨ ਜਿਸ ਨੇ ਸਾਰੇ ਬ੍ਰਹਿਮੰਡ ਦੀ ਰਚਨਾ ਕੀਤੀ ਹੈ। ਇਸ ਤੋਂ ਅੱਗੇ ਪੌੜੀ ਨੰਬਰ 3 ਤੋਂ ਦੁਰਗਾ ਦੇ ਦੈਂਤਾਂ ਨਾਲ ਯੁੱਧਾਂ ਦਾ ਵਰਨਣ ਹੈ।

**3. ਭਗੌਤੀ – ਤਲਵਾਰ** ਇਸੇ ਹੀ ਵਾਰ ਦੀ 53 ਵੀਂ ਪੌੜੀ ਵਿਚ ਭਗੌਤੀ ਸ਼ਬਦ ਤਲਵਾਰ ਲਈ ਵੀ ਵਰਤਿਆ ਗਿਆ ਹੈ। "ਲਈ ਭਗੌਤੀ ਦੁਰਗਸਹ ਵਰਜਾਗਨ ਭਾਰੀ" ਭਾਵ ਦੁਰਗਾ ਨੇ ਦੈਂਤਾਂ ਨਾਲ ਜੰਗ ਕਰਨ ਲਈ ਹੱਥ ਵਿਚ ਭਗਉਤੀ ਫੜ ਲਈ, ਇੱਥੇ ਅਰਥ ਸਾਫ਼ ਤੌਰ ਤੇ ਤਲਵਾਰ ਹੈ।

ਉੱਪਰਲੀ ਵਿਚਾਰ ਤੋਂ ਇਹ ਬੜਾ ਸਪਸ਼ਟ ਹੈ ਕਿ ਇਸ ਵਾਰ ਵਿਚ ਸ਼ਬਦ ਭਗਉਤੀ ਤਿੰਨੋ ਜਗ੍ਹਾ ਵੱਖ ਵੱਖ ਸੰਧਰਬ ਅਤੇ ਅਰਥਾਂ ਵਿਚ ਵਰਤਿਆ ਗਿਆ ਹੈ ਅਤੇ "ਪ੍ਰਿਥਮ ਭਗਉਤੀ ਸਿਮਰ ਕੈ" ਵਿਚ ਵਰਤਿਆ ਸ਼ਬਦ ਭਗਉਤੀ ਦੇਵੀ ਦੁਰਗਾ ਲਈ ਨਹੀਂ ਬਲਕਿ ਪਰਮ ਸ਼ਕਤੀ ਪ੍ਰਮਾਤਮਾ ਲਈ ਵਰਤਿਆ ਗਿਆ ਹੈ।

# ਸਫ਼ਲ ਅਰਦਾਸ ਦੀ ਜੁਗਤੀ

'ਤਾਂ ਕਉ ਬਿਘਨ ਨਾ ਕੋਊ ਲਾਗੈ, ਜਾਂ ਕੀ ਪਰਭ ਆਗੈ ਅਰਦਾਸ'

ਅਰਦਾਸ ਸ਼ਬਦ ਦੇ 4 ਅੱਖਰ ਹਨ ਪਰ ਇਸ ਦੀ ਬਰਕਤ ਅਤੇ ਤਾਕਤ ਚਾਰ੍ ਜੁਗਾਂ ਨਾਲੋਂ ਕਿਤੇ ਵਧੀਕ ਹੈ। ਜੋਦੜੀ, ਬੇਨਤੀ, ਅਰਜ਼ ਅਤੇ ਬੰਦਨਾ ਇਨ੍ਹਾਂ ਸਭ ਦੇ ਅਰਥ ਇੱਕ ਹੀ ਹਨ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਜੋ 'ਅਰਦਾਸ' ਸ਼ਬਦ ਨੂੰ ਵਧੀਕ ਸਰਬ ਉੱਤਮ ਸਮਝ ਸਤਿਕਾਰਿਆ ਗਿਆ ਹੈ ਅਤੇ ਨਾਲ ਹੀ ਇਸ ਦੀ ਬਰਕਤ ਨੂੰ ਜੋ ਸਤਿਗੁਰਾਂ ਨੇ ਮਹਾਨਤਾ ਬਖਸ਼ੀ ਹੈ ਉਹ ਏਨੀ ਵੱਡੀ ਹੈ ਜੋ ਕਥਨ ਤੋਂ ਪਰੇ ਹੈ, ਕਿੰਨਾ ਵੱਡਾ ਯਕੀਨ ਹੈ ਅਰਦਾਸ ਤੇ ਗੁਰਦੇਵ ਫੁਰਮਾਉਂਦੇ ਹਨ:

'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ'

ਸਿੱਖ ਧਰਮ ਵਿਚ ਅਰਦਾਸ ਕੇਵਲ ਖ਼ਿਆਲੀ ਮਨੌਤ ਨਹੀਂ ਅਤੇ ਨਾ ਹੀ ਫੋਕਾ ਤਸੱਵਰ ਹੈ, ਬਲਕਿ ਅਰਦਾਸ ਵਿਚ ਤਾਂ ਇੱਥੋਂ ਤੱਕ ਨਿਸਚਾ ਕੀਤਾ ਗਿਆ ਹੈ ਕਿ:

'ਜੋ ਮਾਂਗਉ ਸੋਈ ਸੋਈ ਪਾਵਉ ਆਪਣੇ ਖਸਮ ਭਰੋਸਾ'

ਸੋ ਜਿਹੜੀ ਵਸਤੂ ਚਾਰ ਜੁਗਾਂ ਦੇ ਤੱਪ ਨਾਲੋਂ ਜ਼ਿਆਦਾ ਬਲ ਰੱਖਦੀ ਹੋਵੇ ਅਤੇ ਜਿਸ ਦੇ ਪ੍ਰਤਾਪ ਕਰ ਕੇ ਕ੍ਰੋੜਾਂ ਜਨਮਾਂ ਦੇ ਪਾਪ ਇੱਕ ਛਿਣ ਵਿਚ ਮਿਟ ਜਾਂਦੇ ਹਨ ਅਤੇ ਜੋ ਇਸ ਜੀਵਨ ਨੂੰ ਫਰਸ਼ ਤੋਂ ਚੁੱਕ ਕੇ ਅਰਸ਼ ਤੇ ਪਹੁੰਚਾਣ ਦੀ ਅਰਸ਼ੀ ਪੌੜੀ ਹੋਵੇ ਉਸ ਬਾਰੇ ਵੇਖਣ ਵਿਚ ਆਉਂਦਾ ਹੈ ਕਿ ਇਹ ਆਮ ਤੌਰ ਤੇ ਇੱਕ ਰਸਮ ਜਿਹੀ ਬਣ ਕੇ ਰਹਿ ਗਈ ਹੈ।

ਪਰ ਜੇ ਇਸ ਦੀ ਮਹਾਨਤਾ ਨੂੰ ਸਮਝ ਕ ਇਸ ਨੂੰ ਵਰਤੋਂ ਵਿਚ ਲਿਆਂਦਾ ਜਾਏ ਜੈਸਾ ਕਿ ਧੁਰੋਂ ਆਈ ਬਾਣੀ ਵਿਚ ਸਤਿਗੁਰੂ ਜੀ ਨੇ ਸਪਸ਼ਟ ਆਪਣੇ ਤਜਰਬੇ ਵਿਚ ਵਰਤ ਕੇ ਨਿਯਮ ਲਿਖੇ ਹਨ:

'ਤੀਨੇ ਤਾਪ ਨਿਵਾਰਨ ਹਾਰਾ ਦੁਖ ਹੰਤਾ ਸੁਖ ਰਾਸ ਤਾਂ ਕਉ ਬਿਘਨ ਨਾ ਕੋਊ ਲਾਗੈ ਜਾਕੀ ਪ੍ਰਭ ਆਗੈ ਅਰਦਾਸ'।

ਤਾਂ ਕਦੇ ਹੋ ਨਹੀਂ ਸਕਦਾ ਕਿ ਸਿੱਖ ਅਰਦਾਸ ਕਰੇ ਤੇ ਉਸ ਦਾ ਅਸਰ ਨਾ ਹੋਵੇ।

ਜਿਨ੍ਹਾਂ ਮਹਾਂਪੁਰਸ਼ਾਂ ਪਾਸ ਇਹ ਪਾਰਸ ਛੋਹ ਭਾਵ ਅਰਦਾਸ ਕਰਨ ਦੀ ਬਰਕਤ ਹੈ ਉਹਨਾਂ ਅੱਗੇ ਚਾਰ ਪਦਾਰਥ ਧਰਮ, ਕਾਮ, ਮੌਖ, ਨੌ ਨਿਧੀਆਂ ਅਤੇ ਅਠਾਰਹ ਸਿੱਧੀਆਂ ਹੱਥ ਜੋੜ ਕੇ ਖੜੀਆਂ ਹਨ ਅਤੇ ਉਹ ਜਨਮ ਮਰਨ ਦੇ ਗੇੜ ਤੋਂ ਸਦਾ ਮੁਕਤ ਹਨ। ਮਹਾਂਵਾਕ ਹੈ:

ਚਾਰ ਪਦਾਰਥ ਅਸਟ ਮਹਾਂ ਸਿਧ ਕਾਮਧੇਨ ਪਾਰਜਾਤ ਹਰਿ ਹਰਿ ਰੁਖ।
ਨਾਨਕ ਸਰਨ ਗਹੀ ਸੁਖ ਸਾਗਰ ਜਨਮ ਮਰਨ ਫਿਰ ਗਰਭ ਨਾ ਧੁਖ।

ਕਈ ਵਾਰ ਥੋੜੇ ਵਿਸ਼ਵਾਸ ਵਾਲੇ ਸੱਜਣ ਕਹਿ ਦਿੰਦੇ ਹਨ ਕਿ ਜਦ ਸਾਡੇ ਕੀਤੇ ਕਰਮਾਂ ਦੇ

ਫਲ ਸਾਨੂੰ ਹਰ ਹਾਲਤ ਮਿਲਣੇ ਹੀ ਹਨ 'ਜੋ ਮੈ ਕੀਆ ਸੋ ਮੈਂ ਪਾਇਆ ਦੋਸ ਨ ਦੀਜੈ ਅਵਰ ਜਨਾ' ਤਾਂ ਫਿਰ ਅਰਦਾਸ ਦੀ ਕੀ ਲੋੜ ਹੈ?

ਹੋਣਾ ਤਾਂ ਉਹ ਹੀ ਹੈ ਜੋ ਪ੍ਰਭੂ ਨੂੰ ਭਾਂਵਦਾ ਹੈ ਪਰ ਮੇਰੇ ਸਤਿਗੁਰੂ ਨਾਨਕ ਦੋ ਜਹਾਨ ਵਾਲੀ ਸਿੱਖ ਨੂੰ ਵਾਰ ਵਾਰ ਪ੍ਰੇਰਦੇ ਹਨ ਕਿ ਜਿਵੇਂ ਕੋਈ ਪ੍ਰਾਣੀ ਆਪਣੀ ਬਦਪਰਹੇਜ਼ੀ ਦੇ ਕਾਰਨ ਬਿਮਾਰ ਹੋ ਜਾਂਦਾ ਹੈ ਤਾਂ ਉਸ ਲਈ ਦਵਾਈ ਜ਼ਰੂਰੀ ਹੈ, ਜਿਵੇਂ ਨੇਤਰਹੀਣ ਨੂੰ ਸੋਟੀ ਦੀ ਜ਼ਰੂਰਤ ਹੈ, ਪੰਖੀ ਨੂੰ ਪਰਾਂ ਦੀ ਲੋੜ ਹੈ, ਇਵੇਂ ਹੀ ਹਰ ਮਨੁੱਖ ਨੂੰ ਆਪਣੀਆਂ ਕਮਜ਼ੋਰੀਆਂ ਤੇ ਕਾਬੂ ਪਾਉਣ ਲਈ ਅਰਦਾਸ ਦੀ ਲੋੜ ਹੈ। ਜੈਸਾ ਕਿ:

ਮੈਂ ਤਾਣ ਦੀਬਾਣ ਤੂੰ ਹੈ ਮੇਰੇ ਸੁਆਮੀ ਮੈਂ ਤੁੱਧ ਆਗੈ ਅਰਦਾਸ।
ਮੈਂ ਹੋਰ ਥਾਉਂ ਨਾਹੀਂ ਜਿਸ ਪੈ ਕਰਉਂ ਬੇਣਤੀ ਮੇਰਾ ਦੁਖ ਸੁਖ ਤੁਝ ਹੀ ਪਾਸੇ।

ਜਿਵੇਂ ਕਿਸੇ ਗੁਨਾਹਗਾਰ ਨੂੰ ਵਕਤ ਦਾ ਹਾਕਮ ਉਸ ਦੇ ਕੀਤੇ ਜੁਰਮ ਦੇ ਬਦਲੇ ਉਮਰ ਕੈਦ ਜਾਂ ਫਾਸੀ ਦੀ ਸਜ਼ਾ ਸੁਣਾਉਂਦਾ ਹੈ ਤਾਂ ਮੁਜਰਮ ਸਜ਼ਾ ਸੁਣ ਕੇ ਅੱਗੇ ਆਉਣ ਵਾਲੀਆਂ ਦੁੱਖਾਂ ਦੀਆਂ ਘੜੀਆਂ ਨੂੰ ਯਾਦ ਕਰ ਕੇ ਰੋਂਦਾ ਅਤੇ ਦੁਖੀ ਹੁੰਦਾ ਹੈ।

ਫਿਰ ਕਿਸੇ ਮਿੱਤਰ ਨੇ ਕੋਲੋਂ ਸਲਾਹ ਦਿੱਤੀ ਕਿ ਹੁਣ ਤੇਰੇ ਬਚਣ ਦਾ ਇੱਕੋ ਹੀ ਵਸੀਲਾ ਹੈ ਕਿ ਤੂੰ ਕਿਸੇ ਸਿਆਣੇ ਵਕੀਲ ਕੋਲੋਂ ਰਹਿਮ ਦੀ ਦਰਖਾਸਤ ਲਿਖਵਾ ਕੇ ਦਾਖਲ ਕਰ ਕਿ ਮੇਰੇ ਔਗੁਣ ਬਹੁਤ ਹਨ ਅਤੇ ਮੈਂ ਸਭ ਦਾ ਇਕਬਾਲ ਕਰਦਾ ਹਾਂ ਕਿ ਜੇ ਮੇਰੇ ਔਗੁਣ ਇੱਕ ਵਾਰ ਬਖਸ਼ ਦਿੱਤੇ ਜਾਣ ਤਾਂ ਅੱਗੇ ਨੂੰ ਐਸੀ ਗਲਤੀ ਕਦੀ ਨਹੀਂ ਕਰਾਂਗਾ।

ਜੇ ਤੇਰੀ ਇਹ ਰਹਿਮ ਦੀ ਅਪੀਲ ਮਨਜ਼ੂਰ ਹੋ ਗਈ ਤਾਂ ਨਿਰਸੰਦੇਹ ਤੂੰ ਫਾਂਸੀ ਤੋਂ ਛੁੱਟ ਜਾਏਂਗਾ ਪਰ ਤੇਰੀ ਦਰਖਾਸਤ ਦੇ ਅੱਖਰ ਅਜੇਹੇ ਹੋਣੇ ਚਾਹੀਦੇ ਹਨ ਜੋ ਹਾਕਮ ਦੇ ਨੇਤਰਾਂ ਅਤੇ ਦਿਮਾਗ਼ ਵਿਚੋਂ ਲੰਘ ਕੇ ਉਸ ਦੇ ਹਿਰਦੇ ਤੇ ਅਸਰ ਕਰਨ।

ਮੇਰਾ ਸਤਿਗੁਰੂ ਤਾਂ ਏਡਾ ਦਿਆਲੂ ਹੈ ਹਰ ਗੁਰੂ ਕੇ ਸਿੱਖ ਨੂੰ ਕਲਿਜੁਗ ਦੇ ਤੱਤੇ ਝੋਲਿਆਂ ਤੋਂ ਬਚਾਉਣ ਲਈ ਇਉਂ ਕਹਿਣ ਲਈ ਹਰ ਰੋਜ਼ ਪ੍ਰੇਰਦਾ ਹੈ:

'ਗੋਬਿੰਦ ਹਮ ਐਸੇ ਅਪਰਾਧੀ ਜਿਨਿ ਪ੍ਰਭ ਜੀਉ ਪਿੰਡ ਥਾ ਦੀਆ ਤਿਸ ਕੀ ਭਾਉ ਭਗਤ ਨਹੀਂ ਸਾਧੀ'।

ਤਾਂ ਤੇ ਨਿੱਤਨੇਮ ਨਾਲ ਇਉਂ ਕਹੋ, ਹੇ ਅਕਾਲ ਪੁਰਖ ਜੀ:

'ਜਪੁ ਤਪੁ ਸੰਜਮੁ ਧਰਮ ਨਾ ਕਮਾਇਆ ਸੇਵਾ ਸਾਧ ਨਾ ਜਾਨਿਆ ਹਰਿ ਰਾਇਆ
ਕਹੁ ਨਾਨਕ ਹਮ ਨੀਚ ਕਰੰਮਾ ਸਰਨ ਪਰੇ ਕੀ ਰਾਖਹੁ ਸਰਮਾ' (ਰਹਿਰਾਸ)
'ਕਿਰਤ ਕਰਮ ਕੇ ਵੀਛੁੜੇ ਕਰ ਕਿਰਪਾ ਮੇਲਹੁ ਰਾਮ'। (ਬਾਰਾਮਾਹ)
'ਮੇਲ ਲੇਹੁ ਦਇਆਲ ਢਹਿ ਪਏ ਦੁਆਰਿਆ
ਰਖ ਲੇਵਹੁ ਦੀਨ ਦਇਆਲ ਭਰਮਤ ਬਹੁ ਹਾਰਿਆ'।

ਸੋ ਅਰਦਾਸ ਇੱਕ ਗੁਨਾਹਗਾਰ ਜੀਵ ਵੱਲੋਂ ਰਹਿਮ ਦੀ ਦਰਖਾਸਤ ਹੈ ਜਿਸ ਵਿਚ ਹਰ

ਮਨੁੱਖ ਨੇ ਸ੍ਰੀ ਅਕਾਲ ਪੁਰਖ ਜੀ ਦੇ ਚਰਨਾਂ ਵਿਚ ਆਪਣੀਆਂ ਭੁੱਲਾਂ ਨੂੰ ਕਬੂਲ ਕਰਦੇ ਹੋਏ ਅੱਖਾਂ ਦੇ ਹੰਝੂਆਂ ਦੀ ਸਿਆਹੀ ਅਤੇ ਜੀਭਾਂ ਰੂਪੀ ਕਲਮ ਨਾਲ ਰਹਿਮ ਦੀ ਦਰਖਾਸਤ ਦਾ ਅਜਿਹਾ ਮਜ਼ਮੂਨ ਅੰਕਿਤ ਕਰਨਾ ਹੈ:

'ਹਉ ਅਪ੍ਰਾਧੀ ਗੁਨਹਗਾਰ ਹਉ ਬੇਮੁਖ ਮੰਦਾ, ਚੋਰ ਯਾਰ ਜੁਆਰੀਆ ਪਰ ਘਰ ਜੋਹੰਦਾ।
ਨਿੰਦਕ ਦੁਸਟ ਹਰਾਮਖੋਰ, ਠਗ ਦੇਸ ਠਗੰਦਾ,ਕਾਮ ਕ੍ਰੋਧ ਮਧ ਲੋਭ ਮੋਹ ਹੰਕਾਰ ਕਰੰਦਾ।
ਵਿਸ਼ਵਾਸ ਘਾਤੀ ਅਕਿਰਤਘਣ ਮੈ ਕੋਇ ਨਾ ਰਖੰਦਾ,
ਸਿਮਰ ਮੁਰੀਦਾਂ ਢਾਡੀਆਂ ਸਤਿਗੁਰ ਬਖਸ਼ੰਦਾ'।

ਅਸੀਂ ਖਤੇ ਬਹੁਤ ਕਮਾਂਵਦੇ ਅੰਤ ਨਾ ਪਾਰਾਵਾਰ॥
ਹਰਿ ਜੀਉ ਕਿਰਪਾ ਕਰ ਕੇ ਬਖਸ਼ ਲੇਹੁ ਹਮ ਪਾਪੀ ਵਡ ਗੁਣਹਗਾਰ॥
ਹਰਿ ਜੀਉ ਲੇਖੇ ਵਾਰ ਨਾ ਆਵਈ ਤੂੰ ਬਖਸ਼ ਮਿਲਾਵਨਹਾਰ॥.....

ਜੇਤਾ ਸਮੁੰਦ ਸਾਗਰ ਨੀਰ ਭਰਿਆ ਤੇਤੇ ਅਵਗਣ ਹਮਾਰੇ॥
ਦਇਆ ਕਰੋ ਕਛ ਮੇਹਰ ਉਪਾਵਹੁ ਡੁਬਦੇ ਪਥਰ ਤਾਰੇ॥......
ਹਮਰੇ ਅਉਗਣ ਬਹੁਤ ਬਹੁਤ ਬਹੁ ਬਾਰ ਬਾਰ ਹਰਿ ਗਣਤ ਨਾ ਆਵੈ॥
ਤੂੰ ਗੁਣਵੰਤਾ ਹਰਿ ਹਰਿ ਦਿਆਲ ਆਪੇ ਬਖਸ ਲੇਹਿ ਗਲ ਲਾਵੈ॥.....

ਸੋ ਇਨ੍ਹਾਂ ਤਰਲਿਆਂ ਦਾ ਅਸਰ ਜ਼ਰੂਰ ਹੋਵੇਗਾ ਅਤੇ ਜੀਵਨ ਦੇ ਨਿਰਸੰਦੇਹ ਲੋਕ ਪਰਲੋਕ ਸੁਹੇਲੇ ਹੋਣਗੇ। ਫਿਰ ਸਤਿਗੁਰੂ ਜੀ ਦੇ ਮਹਾਂਵਾਕ ਅਨੁਸਾਰ:

ਪਿਛਲੇ ਅਉਗਣ ਬਖਸ਼ ਲਏ ਪ੍ਰਭ ਆਗੈ ਮਾਰਗ ਪਾਵੈ।

ਸੋ ਜਿਸ ਦੀ ਇਹ ਰਹਿਮ ਦੀ ਅਰਦਾਸ ਕਬੂਲ ਹੋ ਜਾਵੇਗੀ ਉਸ ਤੇ ਫਿਰ

ਜਾ ਕਉ ਆਪਣੀ ਕਰੈ ਬਖਸੀਸ। ਤਾ ਕਾ ਲੇਖਾ ਨਾ ਗਨੈ ਜਗਦੀਸ॥

ਤਾਂ ਫਿਰ ਉਸ ਜਗਿਆਸੂ ਦੇ ਲੂੰ ਲੂੰ ਵਿਚੋਂ ਇਹ ਅੱਖਰ ਨਿਕਲਣਗੇ

ਸੁਣੀ ਅਰਦਾਸ ਸੁਆਮੀ ਮੇਰੇ ਸਰਬ ਕਲਾ ਬਣਿ ਆਈ।
ਪਰਗਟ ਭਈ ਸਗਲੇ ਜੁਗ ਅੰਤਰ ਗੁਰ ਨਾਨਕ ਕੀ ਵਡਿਆਈ॥

**********************

# ਸਾਡੀ ਬੇਯਕੀਨੀ ਦੀ ਅਰਦਾਸ ਅਤੇ ਪਾਠ

ਹਰ ਮਨੁੱਖ ਦੀ ਇਹ ਇੱਛਾ ਹੈ ਕਿ ਜੋ ਮੈਂ ਅਰਦਾਸ ਬੇਨਤੀ ਕਰ ਗੁਰੂ ਅਕਾਲ ਪੁਰਖ ਤੋਂ ਮੰਗਾਂ ਉਹ ਮੈਨੂੰ ਤੱਤਕਾਲ ਮਿਲ ਜਾਏ। ਤਾਂ ਤੇ ਵਾਕਿਆ ਹੀ ਰੱਬ ਜੀ ਅਕਾਲ ਪੁਰਖ ਹੈ। ਤੇ ਮੰਗੀ ਵਸਤੂ ਨਾ ਮਿਲੇ ਤਾਂ ਕਈ ਕਿਸਮ ਦੇ ਵਿਚਾਰ ਬਣਾਉਣ ਲੱਗਦਾ ਹੈ। ਐਵੇਂ ਲੋਕੀ ਵੇਖੋ ਵੇਖੀ ਪੁਰਾਣੀਆਂ ਰਸਮਾਂ ਰਿਵਾਜਾਂ ਅਨੁਸਾਰ ਅਖੰਡ ਪਾਠ ਅਤੇ ਅਰਦਾਸਾਂ ਕਰਾਈ ਜਾਂਦੇ ਹਨ। ਮੇਰਾ ਕੰਮ ਤਾਂ ਅਖੰਡ ਪਾਠ ਕਰਵਾਉਣ ਦੇ ਬਾਵਜੂਦ ਵੀ ਨਹੀਂ ਹੋਇਆ ਥਿੜਕਿਆ ਮਨੁੱਖ ਐਸੇ ਵਿਚਾਰ ਦੁਹਰਾਉਂਦਾ ਹੈ। ਅਸਲ ਵਿਚ ਮਨੁੱਖ ਇਹ ਚਾਹੁੰਦਾ ਹੈ ਕਿ ਰੱਬ ਜੀ ਤੋਂ ਜੋ ਜੋ ਮੈਂ ਆਖਾਂ ਉਹ ਮੈਨੂੰ ਮਿਲਨਾ ਚਾਹੀਦਾ ਹੈ। ਭਾਵ ਕਿ ਅਰਦਾਸ ਨਾ ਹੋ ਕੇ ਇੱਕ ਕਿਸਮ ਦਾ ਵਾਹਿਗੁਰੂ ਜੀ ਨੂੰ ਹੁਕਮ ਹੈ। ਇੱਕ ਪਾਸੇ ਤਾਂ ਕਹਿੰਦਾ ਹੈ ਕਿ "ਦੋ ਕਰ ਜੋੜ ਕਰਉ ਅਰਦਾਸ ਤੁਧ ਭਾਵੈ ਤਾਂ ਆਣੈ ਰਾਸ" ਪਰ ਚਾਹੁੰਦਾ ਇਹ ਹੈ ਕਿ ਮੇਰੀ ਮਰਜ਼ੀ ਹੋਵੇ। ਐਸੇ ਮਨੁੱਖਾਂ ਬਾਰੇ ਗੁਰੂ ਜੀ ਦਾ ਫੁਰਮਾਨ ਹੈ "ਜਿਨ ਮਨ ਹੋਰ ਮੁਖ ਹੋਰ ਸੋ ਕਾਢੇ ਕਚਿਆ"।

ਮਨੁੱਖ ਇਹ ਜਾਣਦਾ ਹੈ ਕਿ ਬੱਚੇ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਡਾਕਟਰ/ਇੰਜੀਨੀਅਰ ਦੀ ਡਿਗਰੀ ਹਾਸਲ ਕਰਦੇ ਹਨ। ਬਿਨਾਂ ਮਿਹਨਤ ਤੋਂ ਕੋਈ ਵੀ ਦੁਨਿਆਵੀ ਵਿੱਦਿਆ ਹਾਸਲ ਨਹੀਂ ਹੁੰਦੀ ਅਤੇ ਇੱਕ ਸਫ਼ਲ ਡਾਕਟਰ ਜਾਂ ਇੰਜੀਨੀਅਰ ਬਣਨ ਲਈ ਡਿਗਰੀ ਹਾਸਲ ਕਰਨਾ ਹੀ ਕਾਫੀ ਨਹੀਂ ਡਿਗਰੀ ਤੋਂ ਬਾਅਦ ਕਈ ਸਾਲਾਂ ਦੇ ਤਜਰਬੇ ਦੀ ਵੀ ਜ਼ਰੂਰਤ ਹੁੰਦੀ ਹੈ। ਪਰ ਉਸ ਪਰਮਾਤਮਾ ਅੱਗੇ ਸਫਲ ਅਰਦਾਸ ਕਰਨ ਲਈ ਕੋਈ ਮਿਹਨਤ ਜਾਂ ਤਿਆਰੀ ਕਰਨਾ ਜ਼ਰੂਰੀ ਨਹੀਂ ਸਮਝਦਾ। ਅਰਦਾਸ ਜੋ ਅਰੂਪ ਦੇਸ਼ ਨਾਲ ਜੋੜਦੀ ਹੈ, ਜਿਸ ਦੇਸ਼ ਦੀ ਭਾਸ਼ਾ ਹੋਰ, ਜਮਾਤਾਂ ਹੋਰ ਉਸਤਾਦ ਅਨੋਖੇ ਅਤੇ ਪੜ੍ਹਾਈ ਦਾ ਸਮਾਂ ਵਿਲੱਖਣ ਹੈ ਉਸ ਲਈ ਤਿਆਰੀ ਅਤੇ ਪੜ੍ਹਾਈ ਦੋਵੇਂ ਬੜੀਆਂ ਜ਼ਰੂਰੀ ਹਨ।

ਪਰੰਤੂ ਤੇਜ਼ ਰਫ਼ਤਾਰ ਮਨੁੱਖ ਜੋ ਐਟਮੀ ਸ਼ਕਤੀ, ਵਾਇਰਲੈੱਸ, ਆਕਾਸ਼ ਪਾਤਾਲ ਦੇ ਗਿਆਨ ਨੂੰ ਸ਼ੌਂਕ ਨਾਲ ਹਾਸਲ ਕਰ ਕੇ ਫੁਲਿਆ ਨਹੀਂ ਸਮਾਉਂਦਾ ਅਤੇ ਦੱਸਦਾ ਹੈ ਕਿ ਚੰਦ੍ਰਮਾਂ ਦੀ ਧਰਤੀ ਕਿਹੋ ਜਿਹੀ ਹੈ, ਸ਼ੁੱਕਰ ਕਿਹੋ ਜਿਹਾ ਹੈ ਉੱਥੇ ਕਿਹੋ ਜਿਹਾ ਮੌਸਮ ਹੈ। ਇਸ ਸਾਇੰਸਦਾਨ ਦੀਆਂ ਇਹ ਗੱਲਾਂ ਸੁਣ ਕੇ ਇਸ ਵਿੱਦਿਆ ਤੋਂ ਅਨਜਾਣ ਵਿਅਕਤੀ ਹੱਸ ਕੇ ਕਹਿ ਦਿੰਦਾ ਹੈ ਚੰਦ੍ਰਮਾਂ ਤਾਂ ਦੇਵਤਾ ਹੈ ਅਸੀਂ ਸਦੀਆਂ ਤੋਂ ਉਸ ਦੀ ਪੂਜਾ ਕਰ ਰਹੇ ਹਾਂ, ਵਰਤ ਰੱਖ ਰਹੇ ਹਾਂ, ਉਹ ਧਰਤੀ ਹੋ ਹੀ ਨਹੀਂ ਸਕਦੀ, ਉੱਥੇ ਕੌਣ ਪਹੁੰਚ ਸਕਦਾ ਹੈ।

ਇਸੇ ਤਰ੍ਹਾਂ ਭਗਤੀ ਅਤੇ ਸ਼ਰਧਾ ਤੋਂ ਕੋਰਾ ਮਨੁੱਖ ਸਾਇੰਸ ਦੀਆਂ ਕਾਢਾਂ ਨੂੰ ਤਾਂ ਮੰਨਦਾ ਹੈ ਅਤੇ ਆਖਦਾ ਹੈ ਕਿ ਸਾਇੰਸ ਨੇ ਸਮੁੰਦਰ ਅਤੇ ਆਕਾਸ਼ ਫਰੋਲ ਮਾਰੇ ਹਨ ਅਤੇ ਰੱਬ ਜੀ ਦਾ ਕਿਤੇ ਦਫਤਰ ਹੁੰਦਾ ਤਾਂ ਪਤਾ ਨਾ ਚੱਲਦਾ। ਪਰ ਉਹ ਇਹ ਨਹੀਂ ਜਾਣਦਾ ਕਿ:

ਏਵਡ ਊਚਾ ਹੋਵੈ ਕੋਇ ਤਿਸ ਊਚੇ ਕੋ ਜਾਣੈ ਸੋਇ।

ਫਿਰ ਸੋਚਦਾ ਹੈ ਕਿ ਐਨੇ ਲੋਕ ਪਾਠ ਅਰਦਾਸਾਂ ਕਰਦੇ ਹਨ ਖ਼ਬਰੇ ਕਿਤੇ ਰੱਬ ਜੀ ਹੋਣ ਹੀ ਚਲੋ ਮੈਂ ਭੀ ਪਾਠ/ਅਰਦਾਸ ਕਰਾਂ, ਵੇਖਦਾ ਹਾਂ ਕਿ ਸ਼ਾਇਦ ਮੇਰੀ ਭੀ ਕਿਤੇ ਸੁਣੀ ਜਾਏ। ਸੋ ਜੋ ਲੋਕ ਇਸ ਤਰ੍ਹਾਂ ਦੀਆਂ ਵੇਖਾ ਵੇਖੀ ਅਰਦਾਸਾਂ ਜਾਂ ਪਾਠ ਕਰਦੇ ਹਨ ਉਨ੍ਹਾਂ ਨੂੰ ਕਾਮਯਾਬੀ ਕਿਵੇਂ ਪਰਾਪਤ ਹੋ ਸਕਦੀ ਹੈ:

ਦੋਇ ਦਰਪਨ ਦੇਖੈ ਜੈਸੇ ਏਕ ਸੇ ਅਨੇਕ ਰੂਪ,
ਦੋਇ ਨਾਉ ਪਾਉਂ ਧਰੇ ਪਹੁਚਿਉ ਨਹੀ ਪਾਰ ਹੈ॥
(ਭਾਈ ਗੁਰਦਾਸ ਜੀ)

ਨੰਬਰ ਦੋ ਤੇ ਉਹ ਲੋਕ ਹਨ ਜੋ ਰਸਮੀ ਤੌਰ ਤੇ ਅਰਦਾਸ ਕਰ ਆਪਣੇ ਮਤਲਬ ਨੂੰ ਮੁੱਖ ਰੱਖ ਵਾਹਿਗੁਰੂ ਜੀ ਪਾਸੋਂ ਕੁੱਝ ਮੰਗਦੇ ਹਨ, ਜਿਵੇਂ ਕਿ ਮੇਰੀ ਨੌਕਰੀ ਲੱਗ ਜਾਏ, ਮੇਰੇ ਘਰ ਪੁੱਤਰ ਹੋਵੇ, ਦੇਹ ਅਰੋਗ ਹੋਵੇ, ਮੁਕਦਮੇ ਵਿਚ ਜਿੱਤ ਹੋਵੇ ਆਦਿ। ਜੇ ਇਹ ਚੀਜ਼ਾਂ ਮਿਲ ਜਾਣ ਤਾਂ ਤੇ ਵਾਹਿਗੁਰੂ ਜੀ ਹਨ ਨਹੀਂ ਤਾਂ ਐਸਾ ਮਨੁੱਖ ਵਾਹਿਗੁਰੂ ਤੋਂ ਹੀ ਮੁਨਕਰ ਹੋ ਜਾਂਦਾ ਹੈ। ਉਹ ਆਪਣੀ ਅਰਦਾਸ ਨੂੰ ਵੀ ਵਾਹਿਗੁਰੂ ਲਈ ਹੁਕਮ ਸਮਝਦਾ ਹੈ ਜੋ ਵਾਹਿਗੁਰੂ ਜੀ ਨੂੰ ਮੰਨਣਾ ਹੀ ਚਾਹੀਦਾ ਹੈ। ਜਦ ਕਿ ਐਸਾ ਦੁਨਿਆਵੀ ਦਫਤਰਾਂ ਵਿਚ ਵੀ ਨਹੀਂ ਹੁੰਦਾ। ਜਿਸ ਅਫ਼ਸਰ ਅੱਗੇ ਅਰਜ਼ੀ ਦਿੰਦੇ ਹੋ ਉਸ ਨੂੰ ਪਤਾ ਹੈ ਕਿ ਇਸ ਅਰਜ਼ੀ ਨੂੰ ਮਨਜ਼ੂਰ ਕਰਨਾ ਹੈ ਜਾਂ ਰੱਦ ਕਰਨਾ ਹੈ। ਮਨੁੱਖ ਅਰਦਾਸ ਤਾਂ ਇਸ ਤਰ੍ਹਾਂ ਕਰਦਾ ਹੈ ਕਿ:

"ਦੋ ਕਰ ਜੋੜ ਕਰਉਂ ਅਰਦਾਸ ਤੁਧ ਭਾਵੈ ਤਾਂ ਆਣੈ ਰਾਸ॥

ਮਨੁੱਖ ਦੋ ਹੱਥ ਜੋੜ ਕੇ ਮੂੰਹ ਰਾਹੀਂ ਜ਼ਾਹਰਾ ਤੌਰ ਤੇ ਤਾਂ ਅਰਦਾਸ ਕਰਦਾ ਹੈ ਮੰਗਾਂ ਮੰਗਦਾ ਹੈ ਅਤੇ ਕਹਿੰਦਾ ਹੈ ਕਿ ਹੇ ਪਰਭੂ ਜੀ ਜੇ ਤੈਨੂੰ ਭਾਵੇ ਤਾਂ ਮੇਰੀ ਮੰਗ ਪੂਰੀ ਕਰ ਦਿਉ ਪਰ ਮਨ ਹੀ ਮਨ ਵਿਚ ਇਹ ਆਪਣੀ ਮਰਜ਼ੀ ਪੂਰੀ ਹੋਣ ਲਈ ਪਰਭੂ ਦੀ ਸ਼ਕਤੀ ਲੋਚਦਾ ਹੈ। ਸੋ ਐਸੇ ਮਨੁੱਖ ਜਿਨ੍ਹਾਂ ਦੇ ਮਨ ਵਿਚ ਕੁੱਝ ਹੋਰ ਹੈ ਅਤੇ ਮੂੰਹ ਵਿਚ ਕੁੱਝ ਹੋਰ ਹੈ ਉਨ੍ਹਾਂ ਪਰਥਾਏ ਮਹਾਰਾਜ਼ ਦਾ ਬਚਣ ਹੈ:

ਜਿਨ ਮਨ ਹੋਰ ਮੁੱਖ ਹੋਰ ਸੇ ਕਾਢੇ ਕੱਚਿਆ॥ ਕਿਉਂ ਕਿ
ਸਾਹਿਬ ਸੇਤੀ ਹੁਕਮ ਨ ਚਲੈ ਕਹੀ ਬਨੈ ਅਰਦਾਸ॥

ਬਿਮਾਰ ਆਦਮੀ ਨੂੰ ਡਾਕਟਰ ਦਵਾਈ ਨਾਲੋਂ ਪਰਹੇਜ਼ ਦੀ ਵਧੀਕ ਪੱਕੀ ਕਰਦਾ ਹੈ। ਪਰ ਜੋ ਮਰੀਜ਼ ਡਾਕਟਰ ਦੀ ਸਲਾਹ ਦੇ ਉਲਟ ਚਲਦਾ ਹੈ ਉਹ ਕਦੀ ਵੀ ਤੰਦਰੁਸਤ ਨਹੀਂ ਹੋ ਸਕਦਾ। ਭਾਈ ਗੁਰਦਾਸ ਜੀ ਦਾ ਕਥਨ ਹੈ:

ਪੂਛਤ ਹੈ ਵੈਦ ਖਾਤ ਅਉਖਧ ਨਾ ਸੰਜਮ ਸੇ
ਕੈਸੇ ਮਿਟੇ ਰੋਗ ਗਹਿ ਜਉ ਲਉ ਨਾ ਕਮਾਈਐ॥

ਐਸੇ ਹੀ ਸਾਡੇ ਸੱਚੇ ਵੈਦ ਨੇ ਸਾਨੂੰ ਲੱਗੇ ਆਧੀ, ਬਿਆਧੀ ਅਤੇ ਉਪਾਧੀ ਦੇ ਰੋਗਾਂ ਤੋਂ ਮੁਕਤ ਹੋਣ ਲਈ ਬਾਣੀ ਵਿਚ ਅਨੇਕਾਂ ਨੁਸਖੇ ਅਤੇ ਉਪਾਅ ਦਰਜ ਕੀਤੇ ਹਨ ਅਤੇ ਨਾਲ ਹੀ ਸਭ ਦੇ ਪਥ ਪਰਹੇਜ਼ ਦੱਸੇ ਹਨ।

ਸੋ ਪਹਿਲਾਂ ਤਾਂ ਬਾਣੀ ਜੋ ਸਾਡੇ ਸਾਰੇ ਦੁੱਖਾਂ ਕਲੇਸ਼ਾਂ ਤੋਂ ਮੁਕਤ ਕਰਨ ਹਾਰ ਹੈ ਇਸ ਨੂੰ ਅਸੀਂ ਭਉ ਅਤੇ ਭਾਓ ਨਾਲ ਨਹੀਂ ਪੜ੍ਹਦੇ ਅਤੇ ਜੇ ਪੜ੍ਹਦੇ ਹਾਂ ਤਾਂ ਨਿਰੋਲ ਇੱਕ ਰਸਮ ਅਤੇ ਨਿਯਮ ਪੂਰਾ ਕਰਨ ਹਿਤ ਅਤੇ ਬਿਨਾਂ ਮਨ ਦੀ ਹਾਜ਼ਰੀ ਦੇ। ਬਾਣੀ ਪੜ੍ਹਣ ਦੇ ਬਾਵਜੂਦ ਕੀ 1 ਜਪੁਜੀ ਸਾਹਿਬ ਦਾ ਪਾਠ ਕਰ ਜਾਂ 1 ਪੈਸਾ ਮੱਥਾ ਟੇਕ ਕੇ ਸਤਿਗੁਰੂ ਜੀ ਪਾਸੋਂ ਸੌ ਸੌ ਮੰਗਾ ਮੰਗਦੇ ਹਾਂ। ਜੇ ਸਤਿਗੁਰੂ ਜੀ ਸਾਡੀਆਂ ਸਾਰੀਆਂ ਮੰਗਾ ਮੰਗਦੇ ਜਾਣ ਤਾਂ ਅਸੀਂ ਕੀ ਚਾਹੁੰਦੇ ਹਾਂ? ਇੱਕੋ ਦਿਨ ਵਿਚ ਇੱਕ ਚਪੜਾਸੀ ਚਾਹੁੰਦਾ ਹੈ ਕਿ ਰਾਤ ਪੈਣ ਤੋਂ ਪਹਿਲਾਂ ਮੈਂ ਹੈੱਡ ਕਲਰਕ ਬਣ ਜਾਵਾਂ ਅਤੇ ਹੈੱਡ ਕਲਰਕ ਤੋਂ ਤਹਿਸੀਲਦਾਰ ਅਤੇ ਤਹਿਸੀਲਦਾਰ ਤੋਂ ਮਾਲ ਅਫ਼ਸਰ ਬਣਨਾ ਚਾਹੇਗਾ।

ਪਰ ਕੀ ਕੋਈ ਮਨੁੱਖ ਉੱਚਾ ਨਹੀਂ ਉੱਠ ਸਕਦਾ? ਕਿਉਂ ਨਹੀਂ, ਪਰ ਉੱਚਾ ਉੱਠਣ ਲਈ ਕਰੜੀ ਮਿਹਨਤ ਦੀ ਜ਼ਰੂਰਤ ਹੈ ਅਤੇ ਮਿਹਨਤ ਨੂੰ ਫਲ ਜ਼ਰੂਰ ਲੱਗਦਾ ਹੈ। ਇਵੇਂ ਹੀ ਰਾਤ ਦਿਨ ਸੁਰਤ 'ਅਰਦਾਸ' ਦੁਆਰਾ ਪ੍ਰਭੂ ਨਾਲ ਜੁੜੀ ਰਹੇ "ਊਠਤ ਬੈਠਤ ਸੋਵਤ ਜਾਗਤ ਇਹ ਮਨ ਤੁਝੈ ਚਿਤਾਰੇ॥ ਸੂਖ ਦੂਖ ਇਸ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੇ॥ "

ਇਹ ਸਾਡਾ ਸੁਭਾਅ ਪੱਕ ਜਾਏ "ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ"॥ ਤਾਂ ਯਕੀਨੀ ਮੇਰੇ ਵਾਹਿਗੁਰੂ ਜੀ ਜਿਨ੍ਹਾਂ ਦਾ ਬਿਰਦ ਹੈ

"ਇਕ ਤਿਲ ਨਹੀਂ ਭੰਨੈ ਘਾਲੇ॥ " ਅਤੇ
"ਖਿਨ ਮੈ ਨੀਚ ਕੀਟ ਕਉ ਰਾਜ॥ ਪਾਰਬ੍ਰਹਮ ਗਰੀਬ ਨਿਵਾਜ॥
ਜਾ ਕਾ ਦ੍ਰਿਸ਼ਟ ਕਛੂ ਨਾ ਆਵੈ॥ ਤਿਸ ਤੱਤ ਕਾਲ ਦਹਿ ਦਿਸ ਪਰਗਟਾਵੈ॥ "
"ਜਾ ਕਉ ਆਪਣੀ ਕਰੇ ਬਖਸੀਸ॥ ਤਾ ਕਾ ਲੇਖਾ ਨਾ ਗਣੈ ਜਗਦੀਸ॥ "

ਸੋ ਅਰਦਾਸ ਹੀ ਇੱਕ ਐਸੀ ਪੌੜੀ ਹੈ ਜਿਸ ਦੁਆਰਾ ਹਰ ਮਨੁੱਖ ਪ੍ਰਭੂ ਦੀ ਦਰਗਾਹ ਤੱਕ ਛੇਤੀ ਤੋਂ ਚੇਤੀ ਪਹੁੰਚ ਸਕਦਾ ਹੈ ਅਤੇ ਗੁਰਮਤਿ ਅਨੁਸਾਰ ਕਾਮਧੇਨ, ਕਲਪ ਬਿਰਛ ਇੱਕ ਅਰਦਾਸ ਹੀ ਹੈ ਅਤੇ ਇਸੇ ਦੁਆਰਾ ਗੁਰਸਿੱਖ "ਜੋ ਜੋ ਚਿਤਵੈ ਸਾਧ ਜਨ ਸੋ ਲੇਤਾ ਮਾਨ॥ "

ਐਸੀ ਸਰਬ ਫਲ ਦਾਤੀ ਅਤੇ ਚਾਰ ਜੁਗਾਂ ਦੇ ਜੀਵਾਂ ਦੀ ਉਧਾਰ ਕਰਤਾ ਕੇਵਲ ਅਰਦਾਸ ਹੀ ਹੈ। ਫਿਰ ਕੀ ਕਾਰਨ ਹੈ ਜੋ ਸਭ ਗੁਰਮੁਖ ਦੋ ਵਕਤ ਅਰਦਾਸ ਕਰਦੇ ਹਨ ਪਰ ਸੌ ਵਿਚੋਂ ਕੋਈ ਇੱਕ ਅੱਧ ਦੀ ਸ਼ਾਇਦ ਪ੍ਰਵਾਨ ਹੁੰਦੀ ਹੈ।

ਇਸ ਦੀ ਕੀ ਵਜ੍ਹਾ ਹੈ? ਕਦੇ ਸੋਚਿਆ ਹੈ? ਨਹੀਂ ਲਉ ਪੜ੍ਹੋ ਬਾਣੀ ਦੁਆਰਾ ਨਿਰਦੇਸ਼ਿਤ ਅਰਦਾਸ ਕਰਨ ਦੇ ਮਹਾਂਪੁਰਸ਼ਾਂ ਵੱਲੋਂ ਦਰਸਾਏ 7 ਨਿਯਮ ਜਿਨ੍ਹਾਂ ਦੀ ਸਾਧਨਾ ਕਰਨ ਤੇ ਹਰ ਗੁਰਸਿੱਖ ਨੂੰ ਗੁਰੁ ਪਰਮੇਸ਼ਰ ਜੀ ਦਾ ਉਹ ਅਥਾਹ ਖ਼ਜ਼ਾਨਾ ਪਰਾਪਤ ਹੁੰਦਾ ਹੈ ਜਿਸ ਬਾਰੇ ਗੁਰੂ ਅਰਜਨ ਦੇਵ ਜੀ ਇਉਂ ਫ਼ੁਰਮਾਉਂਦੇ ਹਨ:

'ਨਿਖੁਟ ਨਾ ਜਾਈ ਮੂਲ ਅਤੁਲ ਭੰਡਾਰਿਆ॥ '

**********

# ਸਫ਼ਲ ਅਰਦਾਸ ਦੇ ਸਫ਼ਲ ਨੁਕਤੇ

'ਪਿਉ ਦਾਦੇ ਕਾ ਖੋਲ ਡਿਠਾ ਖਜ਼ਾਨਾ ਤਾਂ ਮੇਰੇ ਮਨ ਭਇਆ ਨਿਧਾਨਾ॥'

**********

'ਰਤਨ ਲਾਲ ਜਾ ਕਾ ਕਛੂ ਨਾ ਮੋਲ ਭਰੇ ਭੰਡਾਰ ਅਖੁਟ ਅਤੋਲ॥

*********

ਖਾਵਹਿ ਖਰਚਹਿ ਰਲ ਮਿਲ ਭਾਈ ਤੋਟ ਨਾ ਆਵੈ ਵਧਦੋ ਜਾਈ॥'

*********

ਸੋ ਜੋ ਗੁਰਮੁਖ ਹੇਠ ਲਿਖੇ 7 ਨਿਯਮਾਂ ਨੂੰ ਆਪਣੇ ਜੀਵਨ ਵਿਚ ਢਾਲ ਕੇ ਅਰਦਾਸ ਕਰਦਾ ਹੈ ਉਹ ਆਪਣੇ ਠਾਕਰ ਤੋਂ ਜੋ ਮੰਗਦਾ ਹੈ ਉਹ ਪਾਉਂਦਾ ਹੈ।

' ਜੋ ਮਾਂਗੈ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ਨਾਨਕ ਦਾਸ ਮੁਖ ਤੇ ਜੋ ਬੋਲੈ ਈਹਾਂ ਊਹਾਂ ਸਚ ਹੋਵੈ॥'

**ਅਰਦਾਸ ਕਰਨ ਦੇ 7 ਨਿਯਮ**

1. ਅਰਦਾਸ ਕਰਨ ਸਮੇਂ ਘਬਰਾਹਟ ਤੋਂ ਰਹਿਤ ਹੋਣਾ: ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ ਕਾਹਲੀ ਕਾਹਲੀ ਅਰਦਾਸ ਕੀਤੀ ਜਾਂਦੀ ਹੈ ਉਸ ਵਿਚ ਨਾ ਰਸ ਹੁੰਦਾ ਹੈ ਨਾ ਪਿਆਰ। ਕੇਵਲ ਇੱਕ ਨਿਯਮ ਪੂਰਤੀ ਤੋਂ ਵੱਧ ਹੋਰ ਕੁੱਝ ਨਹੀਂ ਹੁੰਦਾ, ਜਿਵੇਂ ਟਿਕੇ ਹੋਏ ਜਲ ਵਿਚੋਂ ਆਪਣਾ ਸਾਫ਼ ਚਿਹਰਾ ਦਿਸ ਪੈਂਦਾ ਹੈ ਪਰ ਹਿੱਲਦੇ ਪਾਣੀ ਵਿਚ ਕੁੱਝ ਨਜ਼ਰ ਨਹੀਂ ਆਉਂਦਾ। ਇਸੇ ਤਰ੍ਹਾਂ ਸਰੀਰ ਨੂੰ ਹਿੱਲਣ ਅਤੇ ਘਬਰਾਹਟ ਤੋਂ ਰਹਿਤ ਕਰ ਅਰਦਾਸ ਕਰੋ:

   ਤੂੰ ਠਾਕੁਰ ਤੁਮ ਪਹਿ ਅਰਦਾਸ......

2. ਦੋ ਕਰ ਜੋੜ ਕਰਉ ਅਰਦਾਸ... ਦੋਵੇਂ ਹੱਥ ਅਤੇ ਪੈਰ ਜੋੜ ਕੇ ਭਉ ਅਤੇ ਭਾਉ ਵਿਚ ਹੋ ਕੇ ਜਿਸ ਅੱਗੇ ਅਰਦਾਸ ਕਰ ਰਹੇ ਹੋ ਉਸ ਨੂੰ ਇਉਂ ਯਕੀਨ ਦੀਆਂ ਅੱਖਾਂ ਨਾਲ ਮਹਿਸੂਸ ਕਰੋ ਕਿ ਉਹ ਸਾਹਮਣੇ ਹੈ ਅਤੇ ਉਸ ਦੀ ਹੋਂਦ 'ਜ਼ਾਹਰ ਜ਼ਹੂਰ ਹੈਂ ਕਿ ਹਾਜ਼ਰ ਹਜ਼ੂਰ ਹੈਂ..' ਤੇ ਪੱਕਾ ਵਿਸ਼ਵਾਸ ਬਣਾ ਕੇ ਡਾਹਡੇ ਨਿਮਰ ਭਾਵ ਵਿਚ ਹੋ ਕੇ ਕਹੋ ਹੇ ਗਰੀਬ ਨਿਵਾਜ 'ਤੂੰ ਦੇਖਹਿ ਹਉਂ ਮੁਕਰ ਪਾਉਂ..' "ਆਪਣੀ ਕਰਣੀ ਕਰ ਨਰਕ ਹੂੰ ਨਾ ਪਾਵਉ ਠਉਰ ਤੁਮਰੇ ਬਿਰਦ ਕਉ ਆਸਰੋ ਸਮਾਰ ਹਉ'॥

3. ਜਿਸ ਮੰਗ ਨੂੰ ਮੁੱਖ ਰੱਖ ਕੇ ਅਰਦਾਸ ਕਰਨੀ ਹੈ ਉਸ ਵਿਚ ਪੂਰਨ ਤੌਰ ਤੇ ਆਪਣਾ ਹੱਕ ਸਮਝੇ ਅਤੇ ਮਨ ਨਾਲ ਚੰਗੀ ਤਰ੍ਹਾਂ ਫੈਸਲਾ ਕਰ ਲਵੇ ਕਿ ਇਹ ਮੇਰਾ ਹੱਕ ਬਣਦਾ ਹੈ ਐਸਾ ਨਾ ਹੋਵੇ ਕਿ ਐਸੀ ਵਸਤੂ ਮੰਗੇ ਜਿਸ ਨਾਲ ਆਪਣਾ ਫ਼ਾਇਦਾ ਅਤੇ ਦੂਜੇ ਦਾ ਨੁਕਸਾਨ ਹੁੰਦਾ ਹੋਵੇ। ਹਾਂ ਜੇ ਕਿਸੇ ਨਿਰਦਈ ਜਾਂ ਜ਼ਾਲਮ

ਦੀ ਸੋਧ ਹਿਤ ਅਰਦਾਸ ਹੈ ਤਾਂ ਭੀ ਉਸ ਦੇ ਜ਼ੁਲਮ ਦੀ ਸੁਧਾਈ ਅਤੇ ਜ਼ਾਲਮ ਨੂੰ ਸਿੱਧੇ ਰਸਤੇ ਪਾਉਣ ਹਿਤ ਹੀ ਅਰਦਾਸ ਕੀਤੀ ਜਾਏ, ਜਿਵੇਂ ਇੱਕ ਸਿਆਣਾ ਡਾਕਟਰ ਮਰੀਜ਼ ਦੇ ਫੋੜੇ ਦਾ ਅਪਰੇਸ਼ਨ ਮਰੀਜ਼ ਨੂੰ ਮਾਰਨ ਹਿਤ ਨਹੀਂ ਬਲਕਿ ਉਸ ਦੇ ਭਲੇ ਲਈ ਹੀ ਕਰਦਾ ਹੈ।

4. ਜਿਸ ਅੱਗੇ ਅਰਦਾਸ ਕਰ ਰਿਹਾ ਹੈ ਬੇ ਸ਼ੱਕ ਉਸ ਦਾ ਸਥੂਲ ਸਰੀਰ ਹੱਥ ਪੈਰ ਨਜ਼ਰ ਨਹੀਂ ਆਉਂਦੇ ਪਰ ਉਹ ਸ਼ਕਤੀ ਮੇਰੀ ਅਰਦਾਸ ਸੁਣ ਰਹੀ ਹੈ। ਜਿਵੇਂ ਟੈਲੀਫ਼ੋਨ ਤੋਂ ਦੂਜੇ ਪਾਸੇ ਬੰਦਾ ਨਜ਼ਰ ਨਹੀਂ ਆਉਂਦਾ ਪਰ ਰਿਸੀਵਰ ਚੁੱਕ ਕੇ ਜਦੋਂ ਹੈਲੋ ਕਹੀਦਾ ਹੈ ਤਾਂ ਜੇ ਅੱਗੋਂ ਵੀ ਇਹੋ ਜਿਹੀ ਆਵਾਜ਼ ਆਵੇ ਤਾਂ ਯਕੀਨ ਹੋ ਭਾਸਦਾ ਹੈ ਕਿ ਮੈਂ ਜੋ ਗੱਲ ਕਰਾਂਗਾ ਉਹ ਸੁਣੀ ਜਾਏਗੀ ਅਤੇ ਉਸ ਦਾ ਤਸੱਲੀ ਬਖਸ਼ ਉੱਤਰ ਮਿਲੇਗਾ। ਇਸ ਤਰ੍ਹਾਂ ਹੀ ਅਰਦਾਸ ਕਰਨਹਾਰ ਜਦ ਅਰਦਾਸ ਪ੍ਰਾਰੰਭ ਕਰੇ ਤਾਂ ਰਸੀਵਰ ਰੂਪੀ ਸਰੀਰ ਵਿਚੋਂ ਪਿਆਰ ਨਾਲ 'ਸਤਿਨਾਮ ਸ੍ਰੀ ਵਾਹਿਗੁਰੂ' ਇਹ 10 ਅੱਖਰ ਕਹਿਣ ਨਾਲ ਜੇ ਸਰੀਰ ਦੇ ਰੌਂਗਟੇ ਖੜੇ ਹੋ ਜਾਣ ਤਾਂ ਨਿਸਚੇ ਜਾਣੇ ਕਿ ਮੇਰੀ ਹੈਲੋ ਅੱਗੇ ਸੁਣੀ ਜਾ ਰਹੀ ਹੈ ਅਤੇ ਅਰਦਾਸ ਕਰਨ ਸਮੇਂ ਜਿੰਨੀ ਵਾਰ 'ਸਤਿਨਾਮ ਸ੍ਰੀ ਵਾਹਿਗੁਰੂ' ਸ਼ਬਦ ਆਵੇ ਤਾਂ ਸਰੀਰ ਵਿਚ ਸਿਰ ਤੋਂ ਲੈ ਕੇ ਪੈਰਾਂ ਤੱਕ ਲਹਿਰ ਜਿਹੀ ਪੈਦਾ ਹੋ ਜਾਵੇ।

5. ਇਹ ਯਕੀਨ ਹੋਵੇ ਕਿ ਜਿਸ ਦਰ ਤੋਂ ਜੋ ਵਸਤੂ ਮੰਗ ਰਿਹਾ ਹਾਂ ਉੱਥੇ ਕਿਸੇ ਗੱਲ ਦਾ ਘਾਟਾ ਨਹੀਂ 'ਭਰੇ ਭੰਡਾਰ ਅੱਖੁਟ ਅਤੋਲ' ਹਨ ਅਤੇ ਇਸ ਦਰ ਤੋਂ 'ਅਮੁਲ ਆਵੈ ਅਮੁਲ ਲੈ ਜਾਹਿ' ਅਤੇ ਮੇਰਾ ਸਾਹਿਬ 'ਮਿਹਰਵਾਨ, ਮਿਹਰਵਾਨ ਸਾਹਿਬ ਮੇਰਾ ਮਿਹਰਵਾਨ' ਹੈ ਉਹ ਜ਼ਰੂਰ ਝੋਲੀ ਭਰੇਗਾ। ਇਸ ਲਈ 'ਤੂੰ ਕਾਹੇ ਡੋਲਹਿ ਪ੍ਰਾਣੀਆ' ਉਹ ਦਾਤਾ ਤਾਂ ਇਡਾ ਦਿਆਲੂ ਹੈ ਕਿ 'ਦੀਨ ਦਿਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨਾ ਹਾਰੇ'।

6. ਅਰਦਾਸ ਦੇ ਗਿਣੇ ਮਿਥੇ ਸ਼ਬਦ ਨਾ ਹੋਣ ਬਲਕਿ ਪਾਣੀ ਦੇ ਚਸ਼ਮੇ ਦੀ ਤਰ੍ਹਾਂ ਸਰੀਰ ਵਿਚੋਂ ਆਪ ਮੁਹਾਰੇ ਨਿਕਲ ਤੁਰਨ। ਜਿਵੇਂ ਕੋਈ ਨਿਰਦਈ ਮਨੁੱਖ ਕਿਸੇ ਮਾਸੂਮ ਬੱਚੇ ਨੂੰ ਚਪੇੜ ਮਾਰੇ ਤਾਂ ਉਹ ਬੱਚਾ 'ਹਾਇ ਮਾਂ' ਪੁਕਾਰਦਾ ਹੈ ਬੇਸ਼ੱਕ ਮਾਂ ਕਿਤੇ ਬਹੁਤ ਦੂਰ ਕਿਸੇ ਕੰਮ ਵਿਚ ਰੁੱਝੀ ਹੋਈ ਹੋਵੇ ਪਰ ਬੱਚੇ ਦੀ ਆਵਾਜ਼ ਸੁਣਦਿਆਂ ਦੇਰ ਨਹੀਂ ਕਰਦੀ ਅਤੇ ਝੱਟ ਬੱਚੇ ਦਾ ਦੁੱਖ ਦੂਰ ਕਰਨ ਪਹੁੰਚਦੀ ਹੈ ਅਤੇ ਬੱਚੇ ਨੂੰ ਗਲੇ ਨਾਲ ਲਗਾ ਲੈਂਦੀ ਹੈ। ਭਗਤ ਨਾਮਦੇਵ ਜੀ ਦੇ ਅੱਖਰਾਂ ਵਿਚ ਐਸੀ ਹੀ ਅਰਦਾਸ ਸੀ ਜਿਸ ਨੂੰ ਸੁਣ ਕੇ ਭਗਵਾਨ ਜੀ ਆ ਕੇ ਕਹਿੰਦੇ ਹਨ 'ਨਾਮ ਦੇਵ ਜਿਨ੍ਹਾਂ ਲੋਕਾਂ ਨੇ ਤੈਨੂੰ ਦੁੱਖ ਦਿੱਤਾ ਹੈ ਜੇ ਤੂੰ ਕਹੇਂ ਤਾਂ ਜਿਸ ਧਰਤੀ ਤੇ ਉਹ ਲੋਕ ਰਹਿੰਦੇ ਹਨ ਉਸ ਨੂੰ ਉਲਟੀ ਕਰ ਦਿਆਂ (ਭਾਵ ਭੁਚਾਲ ਲਿਆ ਦਿਆਂ) 'ਕਹੇ ਤਾਂ ਧਰਨ ਅਕੌਡੀ ਕਰਉ ਕਹੇ ਤਾਂ ਲੇਕਰ ਊਪਰ ਧਰੌਂ' ਅਤੇ ਜੇ ਕਰ ਸਾਡੀ ਅਰਦਾਸ ਵੀ ਭਗਤ ਨਾਮ ਦੇਵ ਜੀ ਤਰ੍ਹਾਂ ਦੀ ਹੋਵੇ ਤਾਂ ਯਕੀਨਨ ਤਾਂ ਸਾਡੀ ਬੇਨਤੀ ਸੁਣੀ ਵਾਹਿਗੁਰੂ ਜੀ ਦੇ ਦਰਬਾਰ ਜ਼ਰੂਰ ਪਰਵਾਨ ਹੋ ਜਾਏਗੀ।

7. ਮਨ ਵਿਚ ਇਕਾਗਰਤਾ ਹੋਵੇ ਅਤੇ ਜਿਸ ਦੇ ਚਰਨਾਂ ਵਿਚ ਅਰਦਾਸ ਕੀਤੀ ਜਾ ਰਹੀ ਹੈ ਉਸ ਤੇ ਯਕੀਨ ਅਤੇ ਭਰੋਸਾ ਹੋਵੇ ਕਿ ਉਹ ਸਰਬ ਸ਼ਕਤੀਮਾਨ ਹੈ ਸਰਬ ਕਲਾ ਸਮਰੱਥ ਹੈ ਉਸ ਵਾਸਤੇ ਕੁੱਝ ਵੀ ਅਸੰਭਵ ਨਹੀਂ। ਪਰ ਉਸ ਨੂੰ ਕਹਿਣ ਲਈ ਸਵੱਛ ਹਿਰਦਾ ਅਤੇ ਆਜਜ਼ੀ ਜ਼ੁਬਾਨ ਬੜੀ ਜ਼ਰੂਰੀ ਹੈ। ਦ੍ਰਿੜ ਭਰੋਸੇ, ਵਿਸ਼ਵਾਸ ਅਤੇ ਇਕਾਗਰਤਾ ਨਾਲ ਕੀਤੀ ਅਰਦਾਸ ਕਦੇ ਵਿਅਰਥ ਨਹੀਂ ਜਾਂਦੀ।

ਸੋ ਜੋ ਮਨੁੱਖ ਇਨ੍ਹਾਂ ਨਿਯਮਾਂ ਤੇ ਅਮਲ ਕਰਦਾ ਹੈ ਉਸ ਨੂੰ ਵਾਹਿਗੁਰੂ ਜੀ ਸੰਸਾਰ ਅੰਦਰ ਕਦੇ ਦੁੱਖ ਕਲੇਸ਼ ਨਹੀਂ ਪੋਹਣ ਦਿੰਦੇ, ਗੁਰਬਾਣੀ ਦਾ ਫ਼ੁਰਮਾਨ ਹੈ:

ਤੀਨੇ ਤਾਪ ਨਿਵਾਰਨਹਾਰਾ ਦੁਖ ਹੰਤਾ ਸੁੱਖ ਰਾਸੁ।
ਤਾ ਕਉ ਬਿਘਨ ਨਾ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸ॥

********

ਉਕਤ ਲਿਖੇ ਨਿਯਮਾਂ ਦੀ ਵਰਤੋਂ ਨੂੰ ਸਮਝਣ ਤੋਂ ਬਾਅਦ ਅਰਦਾਸ 2 ਮਿੰਟਾਂ ਵਿਚ ਵੀ ਹੋ ਸਕਦੀ ਹੈ ਅਤੇ 2 ਘੰਟੇ ਵੀ ਲੱਗ ਸਕਦੇ ਹਨ।

# ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ

ਉੱਪਰ ਲਿਖੀ ਇਸ ਪੰਕਤੀ ਅੰਦਰ ਸ਼ਬਦ "ਜਨ" ਖਾਸ ਧਿਆਨ ਦੇਣ ਯੋਗ ਹੈ। ਅਰਦਾਸ ਕਦੇ ਬਿਰਥੀ ਨਹੀਂ ਜਾ ਸਕਦੀ ਜੇ ਕਰ ਅਰਦਾਸ ਕਰਨ ਵਾਲਾ "ਜਨ" ਹੋਵੇ ਜਿਸ ਦੀ ਪ੍ਰਭਾਸ਼ਾ ਗੁਰਬਾਣੀ ਵਿਚ ਇਉਂ ਅੰਕਿਤ ਹੈ:

"ਜਨ ਕਉ ਪ੍ਰਭ ਆਪਣੇ ਕਾ ਤਾਣ"
"ਜੋ ਮਾਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ"
"ਪਿਤਾ ਕਿਰਪਾਲ ਆਗਿਆ ਇਹ ਕੀਨੀ ਬਾਰਕ ਮੁਖ ਮਾਗੈ ਸੋ ਦੇਣਾ"
"ਧੰਨ ਧੰਨ ਜਨ ਆਇਆ ਜਿਸ ਪਰਸਾਦਿ ਸਭ ਜਗਤ ਤਰਾਇਆ॥
ਜਨ ਆਵਨ ਕਾ ਇਹੈ ਸੁਆਉ ਜਨ ਕੇ ਸੰਗ ਚਿਤ ਆਵੈ ਨਾਉ॥
ਆਪ ਮੁਕਤ ਮੁਕਤ ਕਰੇ ਸੰਸਾਰ ਨਾਨਕ ਤਿਸ ਜਨ ਕਉ ਸਦਾ ਨਮਸਕਾਰ॥"
"ਬ੍ਰਹਮ ਮਹਿ ਜਨ ਜਨ ਮਹਿ ਪਾਰਬ੍ਰਹਮ ਏਕੈ ਆਪ ਨਹੀਂ ਕਿਛ ਭਰਮ॥" ਮ:5
"ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਨ ਭਵ ਖੰਡਾ ਹੇ॥" ਮ:5
"ਜਿਨ ਖਿਨੁ ਪਲੁ ਨਾਮੁ ਨਾ ਵੀਸਰੈ ਤੇ ਜਨ ਵਿਰਲੇ ਸੰਸਾਰ॥" ਮ:1
"ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰ ਬਿਬੇਕ ਬੀਚਾਰੁ॥" ਮ:3
"ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥" ਭਗਤ ਰਵਿਦਾਸ ਜੀ
"ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ॥" ਮ:5
"ਚਰਣ ਕਮਲ ਜਨ ਕਾ ਆਧਾਰੋ॥" ਮ:5
"ਜਿਸ ਨੋ ਨਦਰਿ ਕਰੈ ਸੋਈ ਜਨੁ ਲੇਖੈ॥" ਮ;3

ਸੋ ਹੁਣ ਸੁਆਲ ਪੈਦਾ ਹੁੰਦਾ ਹੈ ਕਿ "ਜਨ" ਬਣਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਕੀ ਉਪਾਅ ਦੱਸਿਆ ਗਿਆ ਹੈ ਜਿਸ ਦੇ ਕੀਤਿਆਂ 'ਜਨ" ਦੀ ਪਦਵੀ ਪਰਾਪਤ ਕੀਤੀ ਜਾ ਸਕੇ। ਫਿਰ ਜਿਸ ਦੀ ਅਰਦਾਸ ਕਦੇ ਬਿਰਥੀ ਨਹੀਂ ਜਾਏਗੀ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਫੁਰਮਾਉਂਦੇ ਹਨ ਕਿ "ਜਨ" ਬਣਨ ਲਈ:

ਬਾਰ ਬਾਰ ਬਾਰ ਪ੍ਰਭ ਜਪੀਐ ਪੀ ਅੰਮ੍ਰਿਤ ਇਹੁ ਮਨ ਤਨ ਧ੍ਰਪੀਐ॥
ਨਾਮ ਰਤਨ ਜਿਨਿ ਗੁਰਮੁਖ ਪਾਇਆ ਤਿਸ ਕਿਛ ਅਵਰ ਨਾਹੀ ਦ੍ਰਿਸਟਾਇਆ॥
ਨਾਮ ਧਨ ਨਾਮੋ ਰੂਪ ਰੰਗ ਨਾਮੋ ਸੁਖ ਹਰਿ ਨਾਮ ਕਾ ਸੰਗ॥
ਨਾਮ ਰਸ ਜੋ ਜਨ ਤ੍ਰਿਪਤਾਨੇ ਮਨ ਤਨ ਨਾਮੈ ਨਾਮ ਸਮਾਨੇ॥
ਊਠਤ ਬੈਠਤ ਸੋਵਤ ਨਾਮ ਕਹੁ ਨਾਨਕ ਜਨ ਕੇ ਸਦ ਕਾਮ॥

****************

ਬੋਲਹੁ ਜਸ ਜਿਹਵਾ ਦਿਨ ਰਾਤਿ ਪ੍ਰਭ ਆਪਨੇ ਜਨ ਕੀਨੀ ਦਾਤਿ॥
ਕਰਹਿ ਭਗਤ ਆਤਮ ਕੈ ਚਾਇ ਪ੍ਰਭ ਆਪਨੇ ਸਿਉ ਰਹਿਹ ਸਮਾਇ॥
ਜੋ ਹੋਆ ਹੋਵਤ ਸੁ ਜਾਨੈ ਪ੍ਰਭ ਆਪਨੇ ਕਾ ਹੁਕਮ ਪਛਾਨੈ॥

ਤਿਸ ਕੀ ਮਹਿਮਾ ਕਉਨ ਬਖਾਨਉ ਤਿਸ ਕਾ ਗੁਨ ਕਹਿ ਏਕ ਨਾ ਜਾਨਉ॥
ਆਠ ਪਹਿਰ ਪ੍ਰਭ ਵਸੈ ਹਜੂਰੇ ਕਹੁ ਨਾਨਕ ਸੋਈ ਜਨ ਪੂਰੇ॥

*****************

ਉਪਰਲੇ ਪਦਿਆਂ ਦੇ ਅਰਥ ਜੇ ਕਿਸੇ ਜੀਵਨ ਵਾਲੇ ਕੋਲੋਂ ਸਮਝ ਕੇ ਆਪਣੇ ਜੀਵਨ ਵਿਚ ਢਾਲ ਲਏ ਜਾਣ ਤਾਂ "ਜਨ" ਹੋਣ ਦੀ ਸੋਝੀ ਹੋ ਜਾਂਦੀ ਹੈ ਅਤੇ ਐਸੇ ਜੀਵਨ ਵਾਲਿਆਂ ਦੇ ਲੋਕ ਸੁਖੀ ਪਰਲੋਕ ਸੁਹੇਲੇ ਹੋ ਜਾਂਦੇ ਹਨ।

**********

## ਬਿਧੀ ਚੰਦ ਛੀਨਾ ਗੁਰੂ ਕਾ ਸੀਨਾ

# ਅਰਦਾਸ ਦੀ ਬਰਕਤ ਦੇ ਕੁੱਝ ਕ੍ਰਿਸ਼ਮੇ

ਜਨ ਕੀ ਕੀਨੀ ਪਾਰਬ੍ਰਹਮ ਸਾਰ।

ਸ਼ਾਮਾਂ ਦਾ ਸਮਾਂ ਹੈ ਪੱਟੀ ਸ਼ਹਿਰ ਦੇ ਬਾਜ਼ਾਰਾਂ ਵਿਚੋਂ ਇੱਕ ਉੱਚੇ ਲੰਮੇ ਕੱਦ ਦਾ ਮਨੁੱਖ ਦੌੜਿਆ ਜਾ ਰਿਹਾ ਹੈ ਅਤੇ ਉਸ ਦੇ ਪਿੱਛੇ ਕੁੱਝ ਲੋਕ ਡਾਂਗਾਂ ਲੈ ਕੇ ਚੋਰ ਚੋਰ ਕਹਿ ਕੇ ਆ ਰਹੇ ਹਨ। ਉੱਚੇ ਲੰਮੇ ਕੱਦ ਵਾਲਾ ਮਨੁੱਖ ਗਲੀਆਂ ਬਜ਼ਾਰਾਂ ਦੇ ਕਈ ਮੋੜ ਕੱਟਦਾ ਇੱਕ ਦਾਣੇ ਭੁਨਣ ਵਾਲੇ ਦੀ ਭੱਠੀ ਕੋਲ ਆ ਖਲੋਤਾ ਅਤੇ ਭੜਭੂੰਜੇ ਨੂੰ ਕਹਿਣ ਲੱਗਾ ਕਿ ਹੇ ਵੀਰ ਤੇਰੀ ਸ਼ਕਲ ਤੋਂ ਲੱਗਦਾ ਹੈ ਕਿ ਤੂੰ ਗੁਰੂ ਕਾ ਸਿੱਖ ਹੈਂ। ਇਸ ਨਾਤੇ ਤੂੰ ਤੇ ਮੈਂ ਗੁਰ ਭਾਈ ਹੋਏ। ਮੇਰੀ ਬੇਨਤੀ ਹੈ ਕੁੱਝ ਸਮੇਂ ਲਈ ਮੈਨੂੰ ਕਿਤੇ ਛੁਪਾ ਲੈ, ਮੈਂ ਸੱਚ ਕਹਿੰਦਾ ਹਾਂ ਕਿ ਮੈਂ ਚੋਰ ਨਹੀਂ ਅਤੇ ਇਹ ਜੋ ਲੋਕ ਮੇਰੇ ਪਿੱਛੇ ਆ ਰਹੇ ਹਨ ਇਹ ਮੈਨੂੰ ਪਛਾਣਦੇ ਨਹੀਂ ਅਤੇ ਚੋਰ ਚੋਰ ਕਹਿ ਕੇ ਮੈਨੂੰ ਮਾਰ ਦੇਣਗੇ। ਇੱਕ ਸਿੱਖ ਦੇ ਸਾਹਮਣੇ ਇੱਕ ਬੇਕਸੂਰ ਸਿੱਖ ਮਾਰਿਆ ਜਾਏਗਾ। ਛੇਤੀ ਕਰ ਅਤੇ ਮੈਨੂੰ ਕਿਤੇ ਛੁਪਾ ਲੈ।

**ਭੜਭੂੰਜਾ**: ਮੈਨੂੰ ਕਿਵੇਂ ਯਕੀਨ ਆਵੇ ਕਿ ਆਪ ਸਿੱਖ ਹੋ ਜਾਂ ਚੋਰ, ਮੈਂ ਸਿੱਖ ਵਾਸਤੇ ਤਾਂ ਸਭ ਕੁੱਝ ਕੁਰਬਾਨ ਕਰਨ ਨੂੰ ਤਿਆਰ ਹਾਂ ਪਰ ਚੋਰ ਹਿੱਤ ਮੇਰੇ ਸਤਿਗੁਰਾਂ ਦਾ ਹੁਕਮ ਹੈ ਕਿ:

'ਚੋਰ ਕੀ ਹਾਮਾ ਭਰੇ ਨ ਕੋਇ। ਚੋਰ ਕੀਆ ਚੰਗਾ ਕਿਉਂ ਹੋਇ॥'

**ਨੌਜਵਾਨ:** ਇਹ ਤਾਂ ਮੈਂ ਫਿਰ ਵੀ ਦੱਸ ਸਕਦਾ ਹਾਂ ਕਿ ਮੈਂ ਚੋਰ ਹਾਂ ਕਿ ਸਿੱਖ ਇਸ ਵੇਲੇ ਸਮਾਂ ਥੋੜ੍ਹਾ ਹੈ ਮੈਨੂੰ ਛੇਤੀ ਕਿਤੇ ਲੁਕਾ ਲੈ ਔਹ ਤੱਕ ਮੋੜ ਕੱਟ ਕੇ ਜੋ ਲੋਕ ਦੌੜੇ ਆ ਰਹੇ ਹਨ ਜੇ ਉਨ੍ਹਾਂ ਨੇ ਮੈਨੂੰ ਫੜ ਲਿਆ ਤਾਂ ਮੇਰੀ ਖ਼ੈਰ ਨਹੀਂ।

**ਭੜਭੂੰਜਾ**: ਸਿੱਖ ਅਤੇ ਚੋਰ ਪਰਖਣ ਵਾਲੀ ਕਸਵੱਟੀ ਮੇਰੇ ਕੋਲ ਹੈ ਜੇ ਮੈਂ ਤੈਨੂੰ ਉਸ ਤੇ ਪਰਖ ਲਵਾਂ ਤਾਂ ਤੂੰ ਕਿਤੇ ਗੁੱਸੇ ਤਾਂ ਨਹੀਂ ਹੋਵੇਂਗਾ?

**ਨੌਜਵਾਨ**: ਨਾ ਵੀਰ ਮੈਨੂੰ ਕੋਈ ਇਨਕਾਰ ਨਹੀਂ ਜਦ ਮੇਰਾ ਗੁਰੂ ਮੇਰੇ ਅੰਗ ਸੰਗ ਹੈ ਤਾਂ ਜ਼ਰੂਰ ਮੈਨੂੰ ਪਰਖ ਵਿਚ ਸਿੱਖ ਸਾਬਤ ਕਰੇਗਾ।

**ਭੜਭੂੰਜਾ:** ਫਿਰ ਮੇਰੇ ਕੋਲ ਹੋਰ ਤਾਂ ਕੋਈ ਜਗ੍ਹਾ ਨਹੀਂ ਇਹ ਭੱਠ ਹੈ ਅੱਗ ਦਾ ਭਰਿਆ ਹੋਇਆ ਇਸ ਵਿਚ ਵੜ ਜਾ ਇੱਥੇ ਤੇਰੇ ਪਿੱਛੇ ਕੋਈ ਨਹੀਂ ਆਵੇਗਾ, ਨਾਲੇ ਜੇ ਤੂੰ ਸੱਚਾ ਸਿੱਖ ਹੋਇਆ ਤਾਂ ਤੇਰਾ ਵਾਲ ਵਿੰਗਾ ਨਹੀਂ ਹੋਵੇਗਾ ਅਤੇ ਜੇ ਚੋਰ ਹੋਇਆ ਤਾਂ ਸੜ ਮਰੇਂਗਾ। ਕੀ ਮਨਜ਼ੂਰ ਹੈ?

**ਨੌਜਵਾਨ:** ਭੀੜ ਨੂੰ ਨਜ਼ਦੀਕ ਆਉਂਦਾ ਵੇਖ ਕੇ ਅਤੇ ਦੂਜਾ ਭੜਭੂੰਜੇ ਵੱਲੋਂ ਸਿੱਖ ਦੀ ਪਰਖ ਦੀ ਕਸਵੱਟੀ ਵੇਖ ਕੇ ਫ਼ੌਰਨ ਗੁਰੂ ਦਾ ਹੁਕਮ ਯਾਦ ਆਇਆ 'ਜਾ ਕਉ ਮੁਸਕਲ ਅਤਿ ਬਣੈ ਢੋਈ ਕੋਇ ਨਾ ਦੇਇ। ਲਾਗੂ ਹੋਇ ਦੁਸਮਨਾ ਸਾਕ ਭੀ ਭਜਿ ਖਲੇ॥ ਸਭੋ ਭਜੇ ਆਸਰਾ

ਚੂਕੈ ਸਭ ਅਸਰਾਉ। ਚਿਤ ਆਵੈ ਉਸ ਪਾਰਬ੍ਰਹਮ ਲਗੈ ਨਾ ਤਤੀ ਵਾਉ॥' ਦਾ ਪਾਠ ਕਰਦਾ ਹੋਇਆ ਦੁਸ਼ਾਲਿਆਂ ਨੂੰ ਸਿਰ ਤੇ ਰੱਖ ਕੇ ਭੱਠ ਵਿਚ ਵੜ ਗਿਆ ਅਤੇ ਸਤਿਨਾਮ ਸ੍ਰੀ ਵਾਹਿਗੁਰੂ ਕਹਿ ਕੇ ਅਰਦਾਸ ਸ਼ੁਰੂ ਕੀਤੀ "ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਨਾਈ। ਚਉਗਿਰਦ ਹਮਾਰੇ ਰਾਮ ਕਾਰ ਦੁਖ ਲਗੇ ਨ ਭਾਈ। ਸਤਿਗੁਰ ਪੂਰਾ ਭੇਟਿਆ ਜਿਨਿ ਬਣਤ ਬਣਾਈ। ਰਾਮ ਨਾਮ ਅਉਖਧ ਦੀਆ ਏਕਾ ਲਿਵ ਲਾਈ।.. ਅਤੇ ਇਸ ਅਰਦਾਸ ਦਾ ਇਹ ਅਸਰ ਹੋਇਆ 'ਰਾਖ ਲੀਏ ਤਿਨਿ ਰਖਣ ਹਾਰ ਸਭ ਬਿਆਧ ਮਿਟਾਈ। ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ'॥ ਇਸ ਤੋਂ ਬਾਅਦ ਜੋ ਆਵਾਜ਼ ਭੜਭੂੰਜੇ ਦੇ ਕੰਨੀ ਪਈ ਉਹ ਸੀ 'ਧੰਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ, ਧੰਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ' ਜੋ ਇਸ ਮਨ ਬਾਣੀ ਕਰਮ ਅਨੁਸਾਰ ਭਉ ਅਤੇ ਭਾਉ ਵਿਚ ਕੀਤੀ ਅਰਦਾਸ ਨੂੰ ਡਰੌਲੀ ਬੈਠੇ ਸੁਣ ਰਹੇ ਸਨ..... ਰਹਿਰਾਸ ਸਾਹਿਬ ਦਾ ਭੋਗ ਪਿਆ ਤਾਂ ਹਜ਼ੂਰ ਬੋਲੇ ਭਾਈ ਜੇਠਾ ਜੀ, ਪੈੜਾ ਜੀ ਪਾਣੀ ਦੀਆਂ ਗਾਗਰਾਂ ਲਿਆਉ ਗੁਰੂ ਕਾ ਸੀਨਾ ਸੜ੍ਹ ਰਿਹਾ ਹੈ 'ਬਿਧੀ ਚੰਦ ਛੀਨਾ ਗੁਰੂ ਕਾ ਸੀਨਾ'॥

ਸੰਗਤ ਪਾਣੀ ਲਿਆ ਰਹੀ ਹੈ ਅਤੇ ਹਜ਼ੂਰ ਆਪਣੇ ਸਰੀਰ ਤੇ ਪਾ ਰਹੇ ਹਨ ਅਤੇ ਠੰਢਕ ਪੱਟੀ ਵਿਚ ਭੱਠ ਅੰਦਰ ਬੈਠੇ ਬਿਧੀ ਚੰਦ ਨੂੰ ਪਹੁੰਚ ਰਹੀ ਹੈ। ਇਹ ਸੀ ਸਿੱਖ ਦੀ ਸੱਚੇ ਦਿਲੋਂ ਕੀਤੀ ਅਰਦਾਸ ਦਾ ਅਸਰ।ਆਪਣੇ ਸੇਵਕ ਕੀ ਆਪੇ ਰਾਖੈ ਆਪੇ ਨਾਮ ਜਪਾਵੈ। ਜਹਿ ਜਹਿ ਕਾਜ ਕਿਰਤ ਸੇਵਕ ਕੀ ਤਹਾਂ ਤਹਾਂ ਉਠ ਧਾਵੈ। ਸੇਵਕ ਕਉ ਨਿਕਟੀ ਹੋਇ ਦਿਖਾਵੈ॥

ਉਧਰ ਦੇਖੋ ਪੱਟੀ ਦੇ ਪਠਾਣਾਂ ਦੀ ਭੀੜ ਭੜਭੂੰਜੇ ਕੋਲ ਪਹੁੰਚ ਗਈ ਹੈ ਅਤੇ ਪਠਾਣਾਂ ਦਾ ਸਰਦਾਰ ਅੱਗੇ ਹੋ ਕੇ ਪੁੱਛਦਾ ਹੈ ਅਰੇ ਭੜਭੂੰਜੇ ਤੁਮ ਨੇ ਇਧਰ ਚੋਰ ਆਇਆ ਦੇਖਿਆ ਹੈ।

**ਭੜਭੂੰਜਾ:** ਜੀ ਹਾਂ ਆਇਆ ਥਾ ਅਤੇ ਭਠ ਅੰਦਰ ਚਲਾ ਗਿਆ ਹੈ।

ਸਾਰੇ ਪਠਾਣ ਇੱਕ ਦੂਜੇ ਦੇ ਮੂੰਹ ਵਲ ਦੇਖਦੇ ਹਨ ਤਾਂ ਪਠਾਣਾਂ ਦਾ ਸਰਦਾਰ ਹੁਕਮ ਦੇਂਦਾ ਹੈ ਕਿ ਇਹ ਚੋਰ ਬਹੁਤ ਚਲਾਕ ਹੈ ਪਹਿਲਾਂ ਸਾਡੀਆਂ ਅੱਖਾਂ ਵਿਚ ਮਿੱਟੀ ਪਾ ਕੇ ਦੁਸ਼ਾਲੇ ਲੈ ਆਇਆ ਹੈ ਅਤੇ ਹੁਣ ਸਮਾਂ ਬਰਬਾਦ ਨਾ ਕਰੋ ਚੋਰ ਧੋਖਾ ਦੇ ਕੇ ਕਿਸੇ ਹੋਰ ਪਾਸੇ ਨਿਕਲ ਗਿਆ ਹੈ। ਇਸ ਭੱਠ ਵਿਚ ਕਿਵੇਂ ਹੋ ਸਕਦਾ ਹੈ ਇਹ ਕੋਈ ਲਾਹੌਰ ਦੀ ਠੰਢੀ ਸੜਕ ਹੈ। ਸ਼ਹਿਰ ਦੇ ਸਾਰੇ ਦਰਵਾਜ਼ੇ ਬੰਦ ਕਰ ਦਿਉ ਹਨੇਰਾ ਹੋ ਰਿਹਾ ਹੈ। ਸੁਭਾ ਸਾਰੇ ਸ਼ਹਿਰ ਕੀ ਤਲਾਸ਼ੀ ਲਈ ਜਾਏਗੀ। ਜਦੋਂ ਸਾਰੇ ਚਲੇ ਜਾਂਦੇ ਹਨ ਤਾਂ ਭੜਭੂੰਜੇ ਨੇ ਪੰਜ ਇਸ਼ਨਾਨਾ ਕਰ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਅਰਦਾਸ ਸ਼ੁਰੂ ਕੀਤੀ 'ਹੇ ਸੱਚੇ ਸਾਂਈਂ ਮੈਂ ਤੇਰੇ ਸਾਂਗ ਨੂੰ ਕੀ ਜਾਣਾਂ ਮੈਂ ਅਲਪੱਗ ਤੂੰ ਸਰਬੱਗ, ਮੈਂ ਬੂੰਦ ਤੇਰੀ ਤੂੰ ਸਾਗਰ ਹੈਂ 'ਜੋ ਕਰਾਵੇ ਸੋ ਕਰਨਾ ਨਾਨਕ ਦਾਸ ਤੇਰੀ ਸਰਨਾ' ਪਾਤਸ਼ਾਹ ਮੈਂ ਅਕਿਰਤਘਣ ਨੇ ਤੇਰੇ ਸਿੱਖ ਨੂੰ ਨਹੀਂ ਪਛਾਤਾ, ਮੈਨੂੰ ਉਹ ਅੱਖਾਂ ਦੇਹ ਜਿਨ੍ਹਾਂ ਨਾਲ ਤੇਰੇ ਸਿੱਖ ਨੂੰ ਪਹਿਚਾਣ ਸਕਾਂ। ਹੇ ਸੱਚੇ ਪਾਤਸ਼ਾਹ ਜੇ ਉਹ ਚੋਰ ਸੀ ਤਾਂ ਆਪਣੇ ਕੀਤੇ ਦੀ ਸਜ਼ਾ ਭੁਗਤ ਚੁੱਕਾ ਹੋਵੇਗਾ ਪਰ ਜੇ ਸੱਚੀਂ ਤੇਰਾ ਸਿੱਖ ਹੈ ਤਾਂ ਤੇਰੀ ਕਿਰਪਾ ਸਦਕਾ ਉਸ ਦਾ ਵਾਲ ਵਿੰਗਾ ਨਾ ਹੋਵੇ।

'ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ਼ ਮਾਰੇ ਕਰ ਆਜ' ਜਦ ਸਿੱਖ ਨੇ ਅਰਦਾਸ ਕਰ ਕੇ ਮੱਥਾ ਟੇਕਿਆ ਅਤੇ ਨੇਤਰ ਖੋਲ੍ਹੇ ਤਾਂ ਸਾਹਮਣੇ ਆਪਣੀ ਝੌਂਪੜੀ ਵਿਚ ਭਾਈ ਬਿਧੀ ਚੰਦ ਜਿਸ ਨੂੰ ਅੱਗ ਦੇ ਭੱਠ ਵਿਚ ਜਾਣ ਨੂੰ ਕਿਹਾ ਸੀ ਨੂੰ ਕਿਸੇ ਅਨੋਖੇ ਜਲਾਲ ਵਿਚ ਸਾਹਮਣੇ ਬੈਠਾ ਵੇਖ ਕੇ ਭੜਭੂੰਜਾ ਮਾਫ਼ੀ ਮੰਗਦਾ ਹੈ ਕਿ ਮੈਂ ਗੁਨਾਹਗਾਰ ਹਾਂ ਮੈਂ ਆਪ ਨੂੰ ਪਛਾਤਾ ਨਹੀਂ।

ਭਾਈ ਬਿਧੀ ਚੰਦ ਜੀ ਧੀਰਜ ਦਿੰਦੇ ਹਨ 'ਤੂੰ ਜੋ ਕੁੱਝ ਕੀਤਾ ਹੈ ਠੀਕ ਕੀਤਾ ਹੈ। ਤੇਰੀ ਅਤੇ ਮੇਰੀ ਇਸੇ ਵਿਚ ਭਲਾਈ ਗੁਰੂ ਨੇ ਕੀਤੀ ਹੈ - 'ਗੁਰ ਪੂਰੇ ਮੇਰੀ ਰਾਖ ਲਈ' ਸੋ ਗੁਰੂ ਗੁਰੂ ਜੱਪ ਅਤੇ ਸਦਾ ਯਾਦ ਰੱਖੀਂ:

ਤਾ ਕਉ ਬਿਘਨ ਨਾ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸ' ਭਾਈ ਬਿਧੀ ਚੰਦ ਰਾਤ ਇਸ ਝੌਂਪੜੀ ਵਿਚ ਆਰਾਮ ਕਰ ਕੇ ਅੰਮ੍ਰਿਤ ਵੇਲੇ ਜਦੋਂ ਪਹਿਰੇਦਾਰ ਊਂਘ ਰਹੇ ਸਨ ਛਾਲਾਂ ਮਾਰਦੇ ਗੁਰੂ ਘਰ ਪਹੁੰਚ ਗਏ।

ਇਹ ਹੈ ਅਰਦਾਸ ਦੀ ਬਰਕਤ ਜੋ ਭਾਈ ਬਿਧੀ ਚੰਦ ਨੇ ਕੀਤੀ ਅਤੇ ਡਰੌਲੀ ਬੈਠੇ ਸਤਿਗੁਰਾਂ ਨੇ ਆਪਣੇ ਸਿੱਖ ਦੇ ਅੰਗ ਸੰਗ ਹੋ ਕੇ ਸਹਾਇਤਾ ਕੀਤੀ ਅਤੇ ਬਲਦੇ ਭੱਠ ਵਿਚੋਂ ਬਚਾ ਲਿਆ।

'ਸੁਣੀ ਅਰਦਾਸ ਸੁਆਮੀ ਮੇਰੇ ਸਰਬ ਕਲਾ ਬਣ ਆਈ।
ਪ੍ਰਗਟ ਭਈ ਸਗਲੇ ਜੁਗ ਅੰਤਰ ਗੁਰ ਨਾਨਕ ਕੀ ਵਡਿਆਈ'॥

****************

## ਅਕਾਲੀ ਫੂਲਾ ਸਿੰਘ ਜੀ ਦਾ ਅਟੁੱਟ ਵਿਸ਼ਵਾਸ

# ਅਟੁੱਟ ਵਿਸ਼ਵਾਸ ਦਾ ਇੱਕ ਕ੍ਰਿਸ਼ਮਾ

1823 ਈ. ਦਾ ਜ਼ਿਕਰ ਹੈ ਫ਼ਰੰਟੀਅਰ ਦੇ ਇਲਾਕੇ ਦਰਿਆ ਲੰਡੇ ਦੇ ਕੰਢੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਭੋਗ ਪਿਆ 'ਜੋ ਕਰੇ ਜੋ ਤਿਸੈ ਰਜਾਇ।ਸੁਧ।' ਇਸ ਉਪਰੰਤ ਅਕਾਲੀ ਫੂਲਾ ਸਿੰਘ ਨੇ ਬੜੇ ਥੋੜ੍ਹੇ ਸਮੇਂ ਵਿਚ ਸਿੱਖੀ ਅਣਖ, ਸਵੈਮਾਨ ਅਤੇ ਦ੍ਰਿੜ ਵਿਸ਼ਵਾਸ ਨਾਲ ਸਾਹਮਣੇ ਬੈਠੀ ਸਿੱਖ ਫੌਜ ਨੂੰ ਸੰਬੋਧਨ ਕਰ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਕਿਹਾ " ਖ਼ਾਲਸਾ ਪੰਥ – ਰਾਜ ਬਿਨਾਂ ਨਹਿ ਧਰਮ ਚਲੈ ਹੈਂ ਧਰਮ ਬਿਨਾਂ ਸਭ ਦਲੈ ਮਲੈ ਹੈਂ॥ ਖ਼ਾਲਸਾ ਜੀ – ਕੋ ਕਾਹੂੰ ਕੋ ਰਾਜ ਨ ਦੈ ਹੈ ਜੋ ਲੈ ਹੈਂ ਨਿਜ ਬਲ ਤੇ ਲੈ ਹੈਂ" ॥

ਅੱਜ ਦੀ ਆਸਾ ਦੀ ਵਾਰ ਦਾ ਅੰਮ੍ਰਿਤ ਰਸ ਜਿਨ੍ਹਾਂ ਜਿਨ੍ਹਾਂ ਨੇ ਅੰਮ੍ਰਿਤ ਵੇਲੇ ਬਾਟੇ ਭਰ ਭਰ ਪੀਤਾ ਹੈ ਆਓ ਅਰਦਾਸ ਵਿਚ ਜੁੜ ਕੇ ਸਭ ਮੰਗ ਕਰੀਏ ਕਿ ਹੇ ਸੱਚੇ ਪਾਤਸ਼ਾਹ ਆਪਣੇ ਸੇਵਕਾਂ ਦੇ ਅੰਗ ਸੰਗ ਹੋ ਕੇ ਹਰ ਦੀਵਾਨ ਹਰ ਮੈਦਾਨ ਫ਼ਤਿਹ ਬਖ਼ਸ਼ੋ। ਆਪ ਖਿਨ ਮਹਿ ਨੀਚ ਕੀਟ ਕਉ ਰਾਜ ਬਖਸ਼ਣਹਾਰ ਹੋ। ਸੱਚੇ ਪਾਤਸ਼ਾਹ ਤੇਰੇ ਧਰਮ ਦੇ ਝੰਡੇ ਝੂਲਣ ਅਤੇ ਜਿਹੜੇ ਜਰਵਾਣੇ ਗਜ਼ਨੀ ਕਾਬਲ ਤੋਂ ਆ ਕੇ ਸਾਡੇ ਦੇਸ਼ ਦੀ ਅਣਖ ਗ਼ੈਰਤ ਨੂੰ ਕੁਚਲਦੇ ਹਨ ਅਤੇ ਬਹੂ ਬੇਟੀਆਂ ਨੂੰ ਗਜ਼ਨੀ ਦੇ ਬਾਜ਼ਾਰਾਂ ਵਿਚ ਟਕੇ ਟਕੇ ਤੋਂ ਵੇਚ ਕੇ ਖੁਸ਼ ਹੁੰਦੇ ਹਨ ਉਨ੍ਹਾਂ ਦੀ ਸੋਧ ਹਿਤ ਖ਼ਾਲਸਾ ਦਲ ਨੇ ਕਮਰ ਕੱਸੇ ਕੀਤੇ ਹਨ। ਆਪ ਫ਼ਤਿਹ ਬਖਸ਼ੋ ਅਰ ਮੈਂ ਫੂਲਾ ਸਿੰਘ ਖ਼ਾਲਸਾ ਦਲ ਦੇ ਅੱਗੇ ਖੜਾ ਹੋ ਕੇ ਪ੍ਰਤਿੱਗਿਆ ਕਰਦਾ ਹਾਂ ਕਿ ਹੇ ਪੰਥ ਦੇ ਸਦਾ ਸਹਾਈ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀਓ 'ਹਉ ਪੂਤ ਤੇਰਾ ਤੂੰ ਬਾਪ ਮੇਰਾ' ਮੈਨੂੰ ਇਹ ਬਲ ਬਖਸ਼ੋ ਕਿ ਮੈਂ ਦਲ ਦੇ ਅੱਗੇ ਹੋ ਕੇ ਲੜਾਂ ਅਤੇ ਜੋ ਸਾਹਮਣੇ ਪਹਾੜਾਂ ਤੇ ਮੁਗ਼ਲਈ ਪਠਾਣਾਂ ਦੇ ਜ਼ੁਲਮੀ ਬੱਦਲ ਉਮਡ ਉਮਡ ਕੇ ਆ ਰਹੇ ਹਨ ਤੇਰੀ ਬਖਸ਼ੀ ਪਾਵਨ ਸ੍ਰੀ ਸਾਹਿਬ ਦੀ ਹਨੇਰੀ ਨਾਲ ਮੈਂ ਇਨ੍ਹਾਂ ਦੇ ਰੁਖ ਕਾਬਲ ਵੱਲ ਮੋੜ ਦਿਆਂ ਅਤੇ ਅੱਜ ਦੇ ਆਸਾ ਦੀ ਵਾਰ ਦਾ ਕੀਰਤਨ ਦੇ ਬਾਅਦ ਜਾਂ ਇਹ ਪਾਪ ਦੇ ਬੱਦਲ ਸਾਫ਼ ਹੋ ਜਾਣ ਜਾਂ ਮੇਰੇ ਸ਼ਰੀਰ ਦਾ ਅੰਤ ਹੋ ਜਾਏ।

ਇਹ ਅੱਖਰ ਸਨ ਕਿ ਤੀਰ ਸਨ ਜਿਸ ਜਿਸ ਨੇ ਵੀ ਸੁਣੇ ਉਸ ਦਾ ਖ਼ੂਨ ਖੌਲਣ ਲੱਗ ਪਿਆ ਅਤੇ ਅੱਖਾਂ ਲਾਲ ਹੋ ਗਈਆਂ। ਡੌਲੇ ਫੜਕਣ ਲੱਗ ਪਏ ਸਿੱਖੀ ਜੋਸ਼ ਜੈਕਾਰਿਆਂ ਦੀ ਗੂੰਜ ਨਾਲ ਹਰ ਇੱਕ ਦੇ ਅੰਦਰੋਂ ਵਹਿ ਤੁਰਿਆ। ਇਸ ਅਣਖੀਲੇ ਜਰਨੈਲ ਦੇ ਹਿਰਦੇ ਵਿਚੋਂ ਨਿਕਲੀ ਤਕਰੀਰ ਦੇ ਬਾਅਦ ਕਿਸੇ ਦੀ ਤਾਈਦ ਮਜੀਦ ਤੋਂ ਬਿਨਾਂ ਹੀ ਅਕਾਲੀ ਜੀ ਨੇ ਜੁੜਵੇਂ ਹਿਰਦੇ ਨਾਲ ਅਰਦਾਸ ਕਰ ਕੇ ਬਾਰ ਬਾਰ ਇਹ ਮੰਗ ਕੀਤੀ:

' ਹੇ ਅਕਾਲ ਪੁਰਖ ਤੇਰੇ ਸਾਰੇ ਪੰਥ ਨੇ ਜਿਸ ਕਾਰਜ ਲਈ ਕਮਰ ਕੱਸੇ ਕੀਤੇ ਹਨ ਆਪ ਅੰਗ ਸੰਗ ਸਹਾਈ ਹੋਵੋ 'ਸਾਚੇ ਸਾਹਿਬਾ ਕਿਆ ਨਾਹੀ ਘਰ ਤੇਰੇ' ਆਪ ਆਪਣੇ ਬਿਰਦ ਦੀ ਲਾਜ ਪਾਲੋ 'ਸਦਾ ਅੰਗ ਸੰਗੇ ਅਭੰਗੰ ਬਿਭੂਤੇ' ਸਤਿਗੁਰੂ ਜੀ 'ਜੈ ਜੈ ਜਗ ਕਾਰਣ ਸਿਰਸ਼ਟ ਉਬਾਰਨ ਮਮ ਪ੍ਰਿਤ ਪਾਰਨ ਜੈ ਤੇਗੰ' ਵਿਚ ਬਲ ਬਖਸ਼ੋ ਅਤੇ ਸਾਡੇ ਦੇਸ਼ ਦੀਆਂ ਬਹੂ

ਬੇਟੀਆਂ ਸੁਖੀ ਵੱਸਣ। ਸਾਡੇ ਪ੍ਰਾਣਾਂ ਦੀ ਅਹੂਤੀ ਬੇਸ਼ੱਕ ਇੱਥੇ ਪੈ ਜਾਏ ਪਰ ਲਾਹੌਰ ਦਰਬਾਰ ਵੱਲ ਅਸੀਂ ਤਾਂ ਪਰਤੀਏ ਜੋ ਇਹ ਪਾਪਾਂ ਦੇ ਬੱਦਲ ਸਾਹਮਣੇ ਆਏ ਹਨ ਇਨ੍ਹਾਂ ਦਾ ਖ਼ਾਤਮਾ ਕਰ ਕੇ ਇਨ੍ਹਾਂ ਦਾ ਮੂੰਹ ਕਾਬਲ ਵਾਲ ਮੋੜ ਤੇਰੇ ਧਰਮ ਦੇ ਝੰਡੇ ਝੁਲਾਈਏ। ਤੇਰਾ ਧੁਰ ਤੋਂ ਇਹ ਬਿਰਦ ਹੈ ਕਿ 'ਜੋ ਮਾਂਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ'।...

ਹੇ ਦੀਨਾ ਨਾਥ ਪਤਿਤ ਪਾਵਨ ਸਤਿਗੁਰੂ ਜੀਓ ਸਾਨੂੰ ਬਲ ਬਖ਼ਸ਼ੋ ਕਿ ਅਸੀਂ ਖਿੜੇ ਮੱਥੇ ਸਹੀਦੀਆਂ ਪਾ ਕੇ ਆਪ ਦੀ ਪਰਖ ਵਿਚ ਪੂਰੇ ਉਤਰ ਸਕੀਏ। ਆਪਣੇ ਪੰਥ ਦੇ ਜਲਾਂ ਥਲਾਂ ਵਿਚ ਸਦਾ ਸਹਾਈ ਦਾਤਾਰ ਜੀਓ 'ਨਿਸਚੈ ਕਰ ਆਪਣੀ ਜੀਤ ਕਰੌਂ' ਦੇ ਮਹਾਂਵਾਕ ਅਨੁਸਾਰ ਆਪਣੇ ਪੰਥ ਨੂੰ ਇਸ ਮੁਹਿੰਮ ਵਿਚ ਫਤਿਹ ਦੀ ਬਖ਼ਸ਼ਿਸ਼ ਕਰੋ ਜੀ। ਅਖੀਰ ਵਿਚ ਇਹ ਅੱਖਰ ਕਿਸੇ ਅਕਹਿ ਜਜ਼ਬੇ ਵਿਚ ਅਕਾਲੀ ਜੀ ਨੇ ਕਹੇ 'ਬਲ ਹੋਆ ਬੰਦਨ ਛੁਟੇ ਸਭ ਕਿਛ ਹੋਤ ਉਪਾਇ। ਨਾਨਕ ਸਭ ਕਿਛ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ'॥ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਕਹਿ ਕੇ ਨਮਸ਼ਕਾਰ ਕਰ ਫ਼ਤਿਹ ਬੁਲਾਈ।

ਅਰਦਾਸ ਹੋਣ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਜੋ ਦੀਵਾਨ ਵਿਚ ਬੈਠੇ ਸਨ ਖੜੇ ਹੋ ਕੇ ਖ਼ਾਲਸਾ ਫੌਜਾਂ ਨੂੰ ਫ਼ਤਿਹ ਬੁਲਾ ਕੇ ਕਹਿਣ ਲੱਗੇ ਕਿ:

ਪੰਥ ਖ਼ਾਲਸਾ ਜੀਓ; ਜੋ ਅਕਾਲੀ ਜੀ ਨੇ ਆਪਣੀ ਜੋਸ਼ੀਲੀ ਅਤੇ ਕੌਮੀ ਅਣਖ ਨਾਲ ਭਰਪੂਰ ਤਕਰੀਰ ਵਿਚ ਸਿੱਖੀ ਦੀ ਆਨ ਸ਼ਾਨ ਦੀ ਜੋ ਤਸਵੀਰ ਤੁਹਾਡੇ ਸਾਹਮਣੇ ਰੱਖੀ ਹੈ ਅਸੀਂ ਸਾਰੇ ਉਸ ਅੱਗੇ ਸਿਰ ਝੁਕਾਉਂਦੇ ਹਾਂ। ਅਜਿਹੇ ਮਰਦ ਅਗੰਮੜਿਆਂ ਦੇ ਸਿਦਕ ਦੀ ਬਰਕਤ ਸਦਕਾ ਹੀ ਖਾਲਸਾ ਪੰਥ ਦਿਨ ਦੂਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਕੌਮ ਅਤੇ ਦੇਸ਼ ਨੂੰ ਮਾਣ ਹੈ ਐਸੇ ਸੂਰਬੀਰਾਂ ਤੇ ਸਤਿਗੁਰੂ ਜੀ ਸਦਾ ਆਪ ਜੀ ਨੂੰ ਚੜ੍ਹਦੀ ਕਲਾ ਅਟੱਲ ਸਿਦਕ ਦੀ ਬਖਸ਼ਿਸ਼ ਕਰਨ ਅਤੇ ਮੈਂ ਤੁਹਾਡੇ ਦਿੱਤੇ ਮਾਣ ਦਾ ਸਦਾ ਰਿਣੀ ਹਾਂ ਅਤੇ ਉਸ ਮਾਣ ਦੇ ਨਾਲ ਦਿੱਤੀ ਜ਼ਿੰਮੇਵਾਰੀ ਦੇ ਆਧਾਰ ਤੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੰਗ ਵਿਚ ਕਾਮਯਾਬੀ ਲਈ ਦੋ ਗੱਲਾਂ ਦੀ ਵਿਚਾਰ ਕਰ ਲੈਣੀ ਬੜੀ ਜ਼ਰੂਰੀ ਹੈ।

ਪਹਿਲਾ – ਦਰਿਆ ਤੋਂ ਪਾਰ ਹੋਣ ਦਾ ਕੀ ਵਸੀਲਾ ਸੋਚਿਆ ਹੈ? ਕਿਉਂਕਿ ਇਹ ਆਮ ਦਰਿਆ ਨਹੀਂ ਇਹ ਪਹਾੜੀ ਦਰਿਆ ਹੈ ਜੋ ਬਹੁਤ ਡੂੰਘਾ ਅਤੇ ਤੇਜ਼ ਰਫ਼ਤਾਰ ਵਾਲਾ ਹੈ, ਜਿਸ ਤੇ ਅੱਜ ਤੱਕ ਕੋਈ ਪੁਲ ਨਹੀਂ ਬੱਝ ਸਕਿਆ ਇਸ ਵਾਸਤੇ ਇਸ ਵਿਚ ਪੈਰ ਪਾਉਣ ਤੋਂ ਪਹਿਲਾਂ ਹਰ ਇੱਕ ਮਨੁੱਖ ਇਹ ਸੋਚ ਸੱਕੇ ਕਿ ਇਸ ਨੂੰ ਪਾਰ ਕਿਵੇਂ ਕਰਨਾ ਹੈ।

ਦੂਜਾ – ਖਾਲਸਾ ਫੌਜ ਸਾਰੀ ਪਹੁੰਚ ਚੁੱਕੀ ਹੈ ਪਰ ਸਾਡਾ ਤੋਪਖਾਨਾ ਅਤੇ ਉਸ ਦਾ ਕਮਾਂਡਰ ਇਲਾਹੀ ਬਖਸ਼ ਅਜੇ ਤੱਕ ਨਹੀਂ ਪਹੁੰਚੇ। ਇਸ ਤੋਪਖਾਨੇ ਨੇ ਹੀ ਇਸ ਮੁਹਿੰਮ ਨੂੰ ਫਤਿਹ ਕਰਨ ਵਿਚ ਅਹਿਮ ਭੂਮਿਕਾ ਨਿਭਾਉਣੀ ਹੈ।

ਇਸ ਲਈ ਮੇਰੀ ਬੇਨਤੀ ਹੈ ਕਿ ਅੱਜ ਦਾ ਦਿਨ ਠਹਿਰ ਕੇ ਅਸੀਂ ਦਰਿਆ ਤੋਂ ਪਾਰ ਹੋਣ ਦੇ ਵਸੀਲੇ ਤੇ ਵਿਚਾਰ ਕਰ ਲਈਏ, ਕੱਲ ਤੱਕ ਤੋਪਖਾਨਾ ਵੀ ਪਹੁੰਚ ਜਾਏਗਾ ਅਤੇ ਖਾਲਸਾ

ਫੌਜ ਵੀ ਅਗਲੀ ਮੁਹਿੰਮ ਲਈ ਤਾਜ਼ਾ-ਦਮ ਹੋ ਜਾਏਗੀ ਜੋ ਜੰਗ ਲਈ ਬਹੁਤ ਜ਼ਰੂਰੀ ਹੈ। ਮਹਾਰਾਜੇ ਦੇ ਇਨ੍ਹਾਂ ਬੋਲਾਂ ਨੂੰ ਕਿਸੇ ਕਵੀ ਨੇ ਇਓਂ ਬਿਆਨ ਕੀਤਾ ਹੈ:

ਲੰਡੇ ਦੇ ਕੰਡੇ ਰੰਗ ਸੀ ਸਿੰਘਾਂ ਪਠਾਣਾ ਦਾ ਜੰਗ ਸੀ।
ਗ਼ਾਜੀ ਸੀ ਆਏ ਧਾਇ ਕੇ, ਪਾ ਮੌਲੀ ਮਹਿੰਦੀ ਲਾਇਕੇ।
ਲੱਖਾਂ ਹੀ ਆ ਕੇ ਅੜੇ ਸੀ, ਆ ਘਾਟੀਆਂ ਤੇ ਚੜ੍ਹੇ ਸੀ।
ਵੱਜਦਾ ਚੁਫੇਰੇ ਢੋਲ ਸੀ ਨਾਹਰੇ ਤੇ ਉੱਚੀ ਬੋਲ ਸੀ।

ਕੀ ਕਹਿੰਦੇ ਸਨ:

ਰਾਖੇ ਨੂੰ ਪਕੜ ਹਟਾਂਗੇ ਫਿਰ ਦੇਸ਼ ਲੁੱਟ ਕੇ ਖਾਂਗੇ।
ਪਕੜਾਂਗੇ ਬੱਚੇ ਬਾਲੀਆਂ ਨਾਰਾਂ ਜੋ ਹੁਸਨਾਂ ਵਾਲੀਆਂ।
ਭੋਗਾਂਗੇ ਜੋ ਮਨ ਭਾਂਦੀਆਂ ਵੇਚਾਂਗੇ ਬਾਕੀ ਬਾਂਦੀਆਂ।
ਮੁੱਲਾਂ ਦੀ ਆਖੀ ਠੀਕ ਹੈ ਪੱਥਰ ਤੇ ਮਾਨੋ ਲੀਕ ਹੈ।
ਜੀਵੇਗਾ ਸੋ ਖੱਟ ਖਾਇਗਾ ਮੋਇਆ ਉਹ ਜੰਨਤ ਜਾਏਗਾ।

ਦਰਿਆ ਦੇ ਉਰਲੇ ਪਾਸੇ ਸਿੰਘਾਂ ਦੇ ਕੈਂਪ ਦਾ ਦ੍ਰਿਸ਼:

ਸਿੰਘਾਂ ਦਾ ਲਸ਼ਕਰ ਉਰਾਰ ਸੀ, ਨਾਲ ਖੁਦ ਸਰਕਾਰ ਸੀ।
ਬਾਂਕੇ ਹਠੀਲੇ ਸੂਰਮੇ ਰਣਜਿਤ ਛਬੀਲੇ ਸੂਰਮੇ।
ਗੁੜ੍ਹਤੀ ਜਿਨ੍ਹਾਂ ਤਲਵਾਰ ਦੀ ਪੀਤੀ ਸੀ ਤਿੱਖੀ ਧਾਰ ਦੀ।
ਆਏ ਸੀ ਦਲ ਰੋਕਣੇ ਲੁੱਟ ਖਾਣਿਆਂ ਨੂੰ ਟੋਕਣੇ।
ਬੈਠੇ ਜਾਂ ਤੰਬੂ ਤਾਣ ਸੀ ਗੁਰਮਤੇ ਦਾ ਦੀਵਾਨ ਸੀ।
ਆਸਾ ਦੀ ਲੱਗੀ ਵਾਰ ਸੀ ਅੰਮ੍ਰਿਤ ਉਦਾ ਖੁਮਾਰ ਸੀ।
ਸਿੰਘਾਂ ਪਾਇਆ ਜਦ ਭੋਗ ਸੀ ਗਏ ਉੱਡ ਸੋਗ ਵਿਯੋਗ ਸੀ।
ਕੀਤੀ ਸਿੰਘਾਂ ਅਰਦਾਸ ਸੀ ਜੋ ਵਿਘਨ ਕਰਦੀ ਨਾਸ ਸੀ।
ਤਦ ਕਿਹਾ ਖੁਦ ਸਰਕਾਰ ਨੇ ਰਣਜੀਤ ਜਥੇਦਾਰ ਨੇ।
ਹੱਲਾ ਅਜੇ ਕਰਨਾ ਨਹੀਂ ਪੈਰ ਅਗਾਂਹ ਧਰਨਾ ਨਹੀਂ।
(ਕਿਉਂ) ਲਸ਼ਕਰ ਹੈ ਸਾਰਾ ਅਪੜਿਆ ਪਰ ਤੋਪਚੀ ਹੈ ਪਛੜਿਆ।
ਤੋਪਾਂ ਦੇ ਬਿਨ ਕੀ ਬਣੇਗਾ ਰਣ ਜ਼ੋਰ ਦਾ ਕਿਵੇਂ ਠਣੇਗਾ।
ਜੋਧਾ ਇਲਾਹੀ ਬਖਸ਼ ਹੈ ਜਿਸ ਨੂੰ ਖ਼ੁਦਾਈ ਬਖ਼ਸ਼ ਹੈ।
ਜਦ ਪਹੁੰਚ ਇੱਥੇ ਜਾਏਗਾ ਮੁਗ਼ਲਾਂ ਦੇ ਆਹੂ ਲਾਹੇਗਾ।
ਤਦ ਕਿਹਾ ਫੂਲਾ ਸਿੰਘ ਨੇ ਬਲਬੀਰ ਦੂਲਾ ਸਿੰਘ ਨੇ।
ਧਾ ਚੜ੍ਹੇ ਸਿੰਘ ਨਹੀਂ ਰੁਕਦੇ ਦੁਸ਼ਮਨ ਨੂੰ ਸਾਂਹਵੇਂ ਠੁਕਦੇ।
ਇੱਕ ਵਸਤ ਸਾਡੀ ਖਾਸ ਹੈ ਜੋ ਸਦਾ ਸਾਡੇ ਪਾਸ ਹੈ।
ਜਿਦਾ ਸਿੰਘ ਹਿਰਦੇ ਵਾਸ ਹੈ ਉਹ ਅਰਦਾਸ ਸਾਡੀ ਰਾਸ ਹੈ।
ਸਾਨੂੰ ਕਿਸੇ ਤੇ ਆਸ ਨਾ ਸਤਿਗੁਰ ਬਿਨਾਂ ਕੋਈ ਝਾਕ ਨਾ।

ਤੋਪਾਂ ਨਹੀਂ ਅਰਦਾਸ ਹੈ ਸਤਿਗੁਰ ਨੇ ਬਖਸ਼ੀ ਆਪ ਹੈ।

ਅਕਾਲੀ ਜੀ ਨੇ ਕਿਹਾ ਰਣਜੀਤ ਸਿੰਘ ਤੈਨੂੰ ਤੇਰੀਆਂ ਤੋਪਾਂ ਅਤੇ ਉਨ੍ਹਾਂ ਦੇ ਗੋਲਿਆਂ ਤੇ ਮਾਣ ਹੈ ਪਰ ਸਿੱਖ ਨੂੰ ਆਪਣੀ ਅਰਦਾਸ ਦੀ ਬਰਕਤ ਤੇ ਮਾਣ ਹੈ। ਤੂੰ ਉਡੀਕ ਆਪਣੀਆਂ ਤੋਪਾਂ ਅਤੇ ਤੋਪਚੀ ਨੂੰ ਪਰ ਸਾਡੀ ਤੋਪ ਸਾਡੀ ਅਰਦਾਸ ਹੈ ਜੋ ਕੀਤੀ ਜਾ ਚੁੱਕੀ ਹੈ। ਏਨਾ ਕਹਿ ਕੇ ਅਕਾਲੀ ਜੀ ਨੇ ਜੈਕਾਰਾ ਛੱਡ ਕੇ ਹਾਥੀ ਤੇ ਅਸਵਾਰ ਹੋ ਕੇ ਆਪਣਾ ਹਾਥੀ ਦਰਿਆ ਵਿਚ ਵਾੜ ਦਿੱਤਾ ਅਤੇ ਐਲਾਨ ਕੀਤਾ ਕਿ :

ਅਬ ਤਉ ਜਰੇ ਮਰੇ ਸਿਧ ਪਾਈਏ ਲੀਨੋ ਹਾਥ ਸਿਧੌਰਾ॥

ਅਕਾਲੀ ਜੀ ਦੇ ਅਰਦਾਸ ਪਰਤੀ ਦ੍ਰਿੜ ਇਰਾਦੇ ਨੂੰ ਬਦਲਣ ਦੀ ਕਿਸ ਨੂੰ ਤਾਬ ਸੀ ਅਤੇ ਕੌਣ ਪਿੱਛੇ ਰਹਿ ਸਕਦਾ ਸੀ? ਸੋ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਨੂੰ ਅਕਾਲੀ ਜੀ ਦੀ ਸਿਦਕੀ ਪ੍ਰੇਰਨਾ ਤੇ ਕੂਚ ਕਰਨ ਦਾ ਹੁਕਮ ਦੇ ਦਿੱਤਾ। ਵੇਖਦਿਆਂ ਵੇਖਦਿਆਂ ਖ਼ਾਲਸਾ ਫੌਜਾਂ ਦਰਿਆ ਤੋਂ ਪਾਰ ਹੋ ਗਈਆਂ ਪਠਾਣਾ ਦੇ ਹੌਸਲੇ ਪਸਤ ਹੋ ਗਏ ਕਿਉਂਕਿ ਉਨ੍ਹਾਂ ਕਦੇ ਉਮੀਦ ਵੀ ਨਹੀਂ ਸੀ ਕੀਤੀ ਕਿ ਤੇਜ਼ ਰੋੜ੍ਹ ਵਾਲੇ ਇਸ ਦਰਿਆ ਨੂੰ ਕੋਈ ਪਾਰ ਵੀ ਕਰ ਸਕਦਾ ਹੈ ਬੜੀ ਗਹਿ ਗੱਚ ਲੜਾਈ ਹੋਈ ਪਠਾਣਾ ਨੇ ਪਿਛੇ ਭੱਜਣਾ ਸ਼ੁਰੂ ਕਰ ਦਿੱਤਾ ਅਕਾਲੀ ਫੂਲਾ ਸਿੰਘ ਜੀ ਹਾਥੀ ਤੇ ਅਸਵਾਰ ਪਠਾਣਾ ਦੇ ਵਿਚਕਾਰ ਪਹੁੰਚ ਗਏ ਧਰਤੀ ਖ਼ੂਨ ਨਾਲ ਲਾਲ ਹੋ ਗਈ। ਬੇਦੋਸ਼ੇ ਹਿੰਦੋਸਤਾਨੀਆਂ ਦੇ ਖ਼ੂਨ ਨਾਲ ਅਪਵਿੱਤਰ ਕੀਤੀ ਧਰਤੀ ਨੂੰ ਪਠਾਣਾਂ ਦੇ ਖ਼ੂਨ ਨਾਲ ਸਾਫ਼ ਕਰ ਦਿੱਤਾ। ਜਿਹੜੇ ਪਠਾਣ ਸਦੀਆਂ ਤੋਂ ਹਿੰਦੋਸਤਾਨ ਦੀ ਇੱਜ਼ਤ ਆਬਰੂ ਲੁੱਟਦੇ ਰਹੇ ਉਹ ਫਿਰ ਕਦੀ ਅਫ਼ਗਾਨਿਸਤਾਨ ਵਲੋਂ ਵਾਪਸ ਨਾ ਪਰਤੇ। ਇਹ ਮੈਦਾਨੇ ਜੰਗ ਫਤਿਹ ਹੋ ਗਿਆ ਅਤੇ ਅਖੀਰਲੇ ਪਲਾਂ ਵਿਚ ਇੱਕ ਬੁਜ਼ਦਿਲ ਪਠਾਣ ਨੇ ਅਕਾਲੀ ਜੀ ਤੇ ਪਿੱਛੋਂ ਬੰਦੂਕ ਦਾ ਫਾਇਰ ਕਰ ਦਿੱਤਾ ਜਿਸ ਨਾਲ ਅਕਾਲੀ ਜੀ ਆਪਣੀ ਅਰਦਾਸ ਪੂਰੀ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਇਹ ਸੀ ਅਰਦਾਸ ਦਾ ਕ੍ਰਿਸ਼ਮਾ ਕਿ ਬਿਨਾਂ ਤੋਪਾਂ ਤੋਂ ਇਸ ਜੰਗ ਨੂੰ ਅਕਾਲੀ ਫੂਲਾ ਸਿੰਘ ਜੀ ਨੇ ਜਿੱਤ ਕੇ ਪੰਜਾਬ ਦੀਆਂ ਸਰਹੱਦਾਂ ਨੂੰ ਕਾਬਲ ਤੱਕ ਪਹੁੰਚਾ ਦਿੱਤਾ। ਅਰਦਾਸ ਤੇ ਅਟੱਲ ਵਿਸ਼ਵਾਸ ਦੀ ਇਹ ਮਿਸਾਲ ਇਤਿਹਾਸ ਦੇ ਪੰਨਿਆਂ ਤੇ ਹਮੇਸ਼ਾਂ ਲਈ ਚਮਕਦੀ ਰਹੇਗੀ।

**********

### ਦ੍ਰੋਪਤੀ ਦੀ ਪੁਕਾਰ

## ਦੁਆਪਰ ਦੀ ਘਟਨਾ

ਹਾ ਹਾ ਕ੍ਰਿਸ਼ਨ ਕਰੇ ਬਿਲਲਾਂਦੀ (ਭਾਈ ਗੁਰਦਾਸ ਜੀ)

ਦੁਆਪਰ ਦਾ ਸਮਾਂ ਹੈ ਜਿਸ ਦੇ ਅਵਤਾਰੀ ਪੁਰਸ਼ ਸ੍ਰੀ ਕ੍ਰਿਸ਼ਨ ਜੀ ਹੋਏ ਹਨ। ਇੱਕ ਦਰਬਾਰ ਲੱਗਾ ਹੋਇਆ ਹੈ ਜਿਸ ਵਿਚ ਪੰਜੇ ਪਾਂਡੋ, ਦ੍ਰੋਣਾਚਾਰੀਯ, ਭੀਸ਼ਮ ਪਿਤਾਮਾ ਆਦਿ ਧਰਮ ਗੁਰੂ ਬੈਠੇ ਹਨ। ਸਿੰਘਾਸਣ ਤੇ ਧ੍ਰਿਤਰਾਸ਼ਟਰ ਬੈਠਾ ਹੈ ਜਿਸ ਦੀਆਂ ਅੱਖਾਂ ਵਿਚ ਜੋਤ ਨਹੀਂ ਭਾਵ ਕਿ ਅੰਨ੍ਹਾ ਹੈ। ਪਿਉ ਤਾਂ ਅੱਖਾਂ ਤੋਂ ਅੰਨ੍ਹਾ ਸੀ ਹੀ ਪਰ ਉਸ ਦੇ ਪੁੱਤਰ ਦੁਰਯੋਧਨ ਨੇ ਅੱਖਾਂ ਹੁੰਦਿਆਂ ਹੋਇਆ ਧਰਮ ਵੱਲੋਂ ਅੱਖਾਂ ਬਿਲਕੁਲ ਮੋੜ ਲਈਆਂ ਹੋਈਆਂ ਸਨ। ਦਗ਼ੇਬਾਜ਼ੀ, ਸ਼ਰਾਬ, ਜੂਆ ਅਤੇ ਭਰਾ ਮਾਰੂ ਨੀਤੀਆਂ ਉਸ ਦੇ ਜੀਵਨ ਦਾ ਪੱਕਾ ਅੰਗ ਬਣ ਚੁੱਕੀਆਂ ਸਨ।

ਕਹਿੰਦੇ ਹਨ ਕਿ ਉਸ ਨੇ ਇੱਕ ਵਾਰ ਪਾਂਡਵ ਭਰਾਵਾਂ ਨੂੰ ਆਪਣੇ ਮਹੱਲਾਂ ਵਿਚ ਖਾਣੇ ਦੀ ਦਾਅਵਤ ਦਿੱਤੀ ਅਤੇ ਖਾਣੇ ਤੋਂ ਬਾਅਦ ਜੂਏ ਦਾ ਦੌਰ ਸ਼ੁਰੂ ਕਰ ਲਿਆ ਅਤੇ ਆਪਣੇ ਦਗ਼ੇਬਾਜ਼ ਸਾਥੀਆਂ ਦੀ ਮਦਦ ਨਾਲ ਪਾਂਡਵਾਂ ਕੋਲੋਂ ਉਨ੍ਹਾਂ ਦੀ ਜ਼ਮੀਨ ਜਾਇਦਾਤ ਇੱਥੋਂ ਤੱਕ ਕਿ ਉਨ੍ਹਾਂ ਦੀ ਘਰਵਾਲੀ ਦ੍ਰੋਪਤੀ ਵੀ ਜੂਏ ਵਿਚ ਜਿੱਤ ਲਈ। ਉਸ ਦੀ ਇਸ ਜਿੱਤ ਤੇ ਉਸ ਦੇ ਸਾਥੀਆਂ ਨੇ ਵਧਾਈਆਂ ਦਿੱਤੀਆਂ ਅਤੇ ਖੁਸ਼ੀਆਂ ਮਨਾਈਆਂ।

ਦੁਰਯੋਧਨ ਦੇ ਮਨ ਵਿਚ ਕੁੱਝ ਹੋਰ ਹੀ ਉਧੇੜ ਬੁਣ ਹੋ ਰਹੀ ਸੀ। ਕਹਿੰਦੇ ਹਨ ਕਿ ਇੱਕ ਦਿਨ ਭਰੇ ਦਰਬਾਰ ਅੰਦਰ ਉਸ ਨੇ ਆਪਣੇ ਦੂਤਾਂ ਨੂੰ ਹੁਕਮ ਦਿੱਤਾ ਕਿ ਜਾਓ ਅਤੇ ਪੰਡੂ ਰਾਜ ਮਹਿਲ ਵਿਚੋਂ ਦ੍ਰੋਪਤੀ ਨੂੰ ਕੇਸਾਂ ਤੋਂ ਪਕੜ ਕੇ ਦਰਬਾਰ ਵਿਚ ਹਾਜ਼ਰ ਕਰੋ। ਉਸ ਨੂੰ ਮੇਰਾ ਇਹ ਫੁਰਮਾਨ ਵੀ ਸੁਣਾ ਦੇਣਾ "ਜਿਸ ਮਹਿਲ ਵਿਚ ਤੂੰ ਬੈਠੀ ਹੈਂ ਤੇਰੇ ਸਮੇਤ ਇਹ ਸਭ ਕੁੱਝ ਪਾਂਡੋ ਜੂਏ ਵਿਚ ਮੇਰੇ ਕੋਲ ਹਾਰ ਚੁਕੇ ਹਨ ਅਤੇ ਸਾਰੀ ਉਮਰ ਹੁਣ ਇਸ ਮਹਿਲ ਵਿਚ ਦਾਖਲ ਨਹੀਂ ਹੋ ਸਕਦੇ ਅਤੇ ਤੈਨੂੰ ਹੁਣ ਮੇਰੇ ਮਹਿਲਾਂ ਵਿਚ ਇੱਕ ਬਾਂਦੀ ਦੇ ਤੌਰ ਤੇ ਰਹਿਣਾ ਹੋਵੇਗਾ। ਇਸ ਲਈ ਤੂੰ ਭਰੇ ਦਰਬਾਰ ਵਿਚ ਆ ਕੇ ਮੇਰੇ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕ। ਹਾਂ ਤੈਨੂੰ ਯਾਦ ਹੋਵੇਗਾ ਕਿ ਇੱਕ ਵਾਰ ਪਾਂਡੋ ਭਰਾਵਾਂ ਨੇ ਆਪਣੇ ਨਵੇਂ ਬਣੇ ਰਾਜ ਮਹੱਲ ਵਿਚ ਮੈਨੂੰ ਖਾਣੇ ਤੇ ਸੱਦਿਆ ਸੀ ਅਤੇ ਮੈਂ ਉਸ ਮਹਿਲ ਵਿਚ ਤਿਲਕ ਕੇ ਡਿੱਗ ਪਿਆ ਸੀ ਤਾਂ ਤੂੰ ਮੈਨੂੰ ਅੰਨ੍ਹੇ ਦਾ ਪੁੱਤਰ ਅੰਨ੍ਹਾਂ ਕਹਿ ਕੇ ਸ਼ਰਮਿੰਦਾ ਕੀਤਾ ਸੀ ਅੱਜ ਤੈਨੂੰ ਉਸ ਦਾ ਜੁਆਬ ਵੀ ਮਿਲ ਜਾਏਗਾ"।

ਦੂਤਾਂ ਨੇ ਜਦੋਂ ਦੁਰਯੋਧਨ ਦਾ ਇਹ ਫੁਰਮਾਨ ਦ੍ਰੋਪਤੀ ਨੂੰ ਸੁਣਾਇਆ ਤਾਂ ਉਹ ਗਸ਼ ਖਾ ਕੇ ਡਿੱਗ ਪਈ। ਬਾਂਦੀਆਂ ਨੇ ਉਸ ਦੇ ਮੂੰਹ ਤੇ ਪਾਣੀ ਦੇ ਛਿੱਟੇ ਮਾਰੇ ਅਤੇ ਜਦ ਦ੍ਰੋਪਤੀ ਹੋਸ਼ ਵਿਚ ਆਈ ਤਾਂ ਦੂਤਾਂ ਨੂੰ ਪੁੱਛਦੀ ਹੈ ਕਿ ਇਹ ਹੁਕਮ ਹੋਣ ਸਮੇਂ ਮੇਰੇ ਪੰਜੇ ਪਾਂਡੋ ਕਿੱਥੇ ਸਨ, ਕੀ ਉਸ ਦਰਬਾਰ ਵਿਚ ਦ੍ਰੋਣਾਚਾਰੀਯ, ਭੀਸ਼ਮ ਪਿਤਾਮਾ ਨਹੀਂ ਬੈਠੇ ਸਨ ਕੀ ਉਨ੍ਹਾਂ ਨੇ ਦੁਰਯੋਧਨ ਨੂੰ ਰੋਕਿਆ ਨਾ।

**ਦੂਤ:** ਜੀ ਪੰਜੇ ਪਾਂਡੋ ਉੱਥੇ ਬੈਠੇ ਸਨ ਪਰ ਬੁਰੀ ਸੰਗਤ ਕਰ ਕੇ ਹੁਣ ਸ਼ਰਮ ਨਾਲ ਅੱਖਾਂ

ਨੀਵੀਂਆਂ ਪਾਈ ਬੈਠੇ ਹਨ।

**ਦ੍ਰੋਪਤੀ:** ਮੈਂ ਸਾਰੀ ਜ਼ਿੰਦਗੀ ਭੀਖ ਮੰਗ ਕੇ ਸਤ ਧਰਮ ਅਤੇ ਹਯਾ ਦਾ ਜੀਵਨ ਬਤੀਤ ਕਰ ਕੇ ਆਪਣੇ ਪੰਜ ਪਾਂਡਵਾਂ ਨਾਲ ਜੰਗਲ ਨਿਵਾਸ ਕਰ ਸਕਦੀ ਹਾਂ ਪਰ ਐਸੇ ਬੇਹਯਾਵਾਂ ਦੇ ਦਰਬਾਰ ਵਿੱਚ ਨਹੀਂ ਜਾ ਸਕਦੀ।

**ਦੂਤ:** ਸਾਡਾ ਕੋਈ ਕਸੂਰ ਨਹੀਂ ਪਰ ਰਾਜੇ ਦਾ ਹੁਕਮ ਮੰਨਣ ਲਈ ਅਸੀਂ ਮਜਬੂਰ ਹਾਂ। ਇਹ ਕਹਿ ਕੇ ਦੂਤਾਂ ਨੇ ਦੁਰਯੋਧਨ ਦੇ ਹੁਕਮ ਮੁਤਾਬਿਕ ਦਰੋਪਤੀ ਨੂੰ ਕੇਸਾਂ ਤੋਂ ਪਕੜ ਕੇ ਘਸੀਟਿਆ ਅਤੇ ਦੁਰਯੋਧਨ ਦੇ ਦਰਬਾਰ ਵਿਚ ਲੈ ਗਏ।

ਦਰਬਾਰ ਵਿਚ ਜਾ ਕੇ ਦ੍ਰੋਪਤੀ ਨੇ ਵੇਖਿਆ ਕਿ ਪੰਜੇ ਪਾਂਡੋ ਸ਼ਰਮ ਨਾਲ ਅੱਖਾਂ ਨੀਵੀਂਆਂ ਕਰੀ ਬੈਠੇ ਹਨ। ਫਿਰ ਉਸ ਤੋਂ ਬਾਅਦ ਜਦੋਂ ਦਰਬਾਰ ਵਿਚ ਬੈਠੇ ਦ੍ਰੋਨਾਚਾਰਜ ਜਿਹੇ ਕੁਲ ਗੁਰੂ ਵੀ ਦੁਰਯੋਧਨ ਦੇ ਘਰ ਦਾ ਅੰਨ ਖਾ ਕੇ ਉਸ ਨੂੰ ਕੁੱਝ ਕਹਿਣ ਤੋਂ ਆਪਣੇ ਆਪ ਨੂੰ ਅਸਮਰੱਥ ਸਮਝਦੇ ਨਜ਼ਰ ਆਏ ਤਾਂ ਦ੍ਰੋਪਤੀ ਨੂੰ ਇੱਕ ਪੱਥਰ ਦੀ ਮੂਰਤ ਜਿਹੀ ਬਣ ਕੇ ਖੜੀ ਨੂੰ ਵੇਖ ਕੇ ਦੁਰਯੋਧਨ ਨੇ ਟਿਚਕਰ ਨਾਲ ਕੁੱਝ ਇਓਂ ਕਿਹਾ:

ਦੁਰਯੋਧਨ ਆਖਿਆ ਸਤੀ ਦ੍ਰੋਪਤੀ ਨੂੰ ਗੱਲ ਰੰਗ ਮਹੱਲ ਦੀ ਯਾਦ ਹੋਸੀ।
ਜਾਂ ਮੈਂ ਤਿਲਕਿਆ ਤਾਂ ਤੂੰ ਆਖਿਆ ਸੀ ਅੰਨ੍ਹੇ ਬਾਪ ਦੀ ਅੰਨ੍ਹੀ ਉਲਾਦ ਹੋਸੀ।
ਉਸੇ ਰੰਗ ਮਹੱਲ ਦੇ ਵਿਚ ਹੁਣ ਤਾਂ ਤੇਰੇ ਨਾਲ ਦੁਰਯੋਧਨ ਆਬਾਦ ਹੋਸੀ।
ਭੁੱਲ ਜਾ ਤੂੰ ਪਾਂਡੋ ਸੁਜਾਖਿਆਂ ਨੂੰ ਕਰਨਾ ਅੰਨ੍ਹਿਆਂ ਦਾ ਦਿਲ ਸ਼ਾਦ ਹੋਸੀ।
ਅੰਨ੍ਹੇ ਬਾਪ ਦੀ ਬਣੇਗੀ ਨੂੰਹ ਅੰਨ੍ਹੀ ਉਸ ਦਾ ਪੁੱਤ ਬਣਾਏਗਾ ਨਾਰ ਤੈਨੂੰ।
ਜੇ ਜ਼ਰਾ ਵੀ ਚੂੰ ਚਰਾਂ ਕੀਤੀ ਨੰਗੀ ਕਰਾਂਗਾ ਭਰੇ ਦਰਬਾਰ ਤੈਨੂੰ॥

ਇਹ ਸੁਣ ਕੇ ਦ੍ਰੋਪਤੀ ਦੀਆਂ ਸਾਰੀਆਂ ਆਸਾਂ ਉਮੀਦਾਂ ਕਿ ਅਰਜਨ, ਭੀਮ ਜਿਹੇ ਬਲੀ ਮੇਰੀ ਰੱਖਿਆ ਕਰਨਗੇ ਜਾਂ ਕੁਲ ਗੁਰੂ ਭੀਸ਼ਮ ਪਿਤਾਮਾ ਜਿਹੇ ਦੁਰਯੋਧਨ ਨੂੰ ਸਮਝਾਉਣਗੇ, ਟੁੱਟ ਗਈਆਂ ਤਾਂ ਉਸ ਵਕਤ ਸੱਚੇ ਮਾਲਕ ਵਾਹਿਗੁਰੂ ਜੀ ਦਾ ਧਿਆਨ ਆਇਆ ਅਤੇ ਇੱਕ ਮਨ ਹੋ ਕੇ "ਹਾ ਹਾ ਪ੍ਰਭੁ ਰਾਖ ਲੇਹੁ.." ਜਿਹੀ ਅਰਦਾਸ ਦਿਲੋਂ ਨਿਕਲੀ ਤਾਂ ਉਸੇ ਵਕਤ ਇਹ ਆਵਾਜ਼ ਕੰਨਾਂ ਵਿਚ ਪਈ "ਅਰਬ ਖ਼ਰਬ" ।

ਹੁਣ ਦ੍ਰੋਪਤੀ ਨੇ ਅੱਖਾਂ ਖੋਲੀਆਂ ਅਤੇ ਰਾਜ ਸਿੰਘਾਸਣ ਤੇ ਬੈਠੇ ਦੁਰਯੋਧਨ ਵਲ ਵੇਖ ਕੇ ਬੋਲੀ:

ਅੱਗੋਂ ਆਖਿਆ ਸਤੀ ਦ੍ਰੋਪਤੀ ਨੇ ਮੇਰੇ ਭਾ ਦਾ ਸਾਰਾ ਸੰਸਾਰ ਅੰਨ੍ਹਾਂ।
ਸੰਗਤ ਅੰਨ੍ਹਿਆਂ ਦੀ ਪਾਂਡੋ ਹੋਏ ਅੰਨ੍ਹੇ ਮੈਨੂੰ ਜਾਪਦੈ ਸਾਰਾ ਦਰਬਾਰ ਅੰਨ੍ਹਾ।
ਅੰਨ੍ਹੀ ਮਾਂ ਨੇ ਅੱਖਾਂ ਤੇ ਬੰਨ ਪੱਟੀ ਭੈੜਾ ਜੰਮਿਆ ਪੁੱਤ ਬਦਕਾਰ ਅੰਨ੍ਹਾ।
ਤੁਹਾਡੇ ਅੰਨ੍ਹਿਆਂ ਹੱਥੋਂ ਛੁਡਾਉਣ ਵਾਲਾ ਮੇਰਾ ਨਹੀਂ ਜੇ ਕ੍ਰਿਸ਼ਨ ਮੁਰਾਰ ਅੰਨ੍ਹਾਂ।

ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਦ੍ਰੋਪਤੀ ਦੀ ਅਰਦਾਸ ਦਾ ਵਰਣਨ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ:

ਅੱਖੀਂ ਮੀਟ ਧਿਆਨ ਧਰ ਹਾ ਹਾ ਕ੍ਰਿਸ਼ਨ ਕਰੇ ਵਿਲਲਾਂਦੀ।

ਜੁੜੇ ਹੋਏ ਮਨ ਵਿਚੋਂ ਦੋ ਹਾ ਹਾ ਸਿਦਕ ਦੀ ਕਮਾਨ ਤੇ ਚੜ੍ਹ ਕੇ ਤੀਰ ਵਾਂਗ ਨਿਕਲੇ ਅਤੇ ਅਸਰ ਇਹ ਹੋਇਆ ਕਿ ਕਰੋੜਾਂ ਹੀ ਸਾੜੀਆਂ ਦੇ ਅੰਬਾਰ ਲੱਗ ਗਏ ਦੂਤ ਥੱਕ ਗਏ ਅਤੇ ਭਰੇ ਦਰਬਾਰ ਅੰਦਰ ਦ੍ਰੋਪਤੀ ਦੀ ਇੱਜ਼ਤ ਰਹੀ। ਜਦ ਸ਼ਾਮੀਂ ਦ੍ਰੋਪਤੀ ਘਰ ਆਈ ਤਾਂ ਅੱਗੋਂ ਕ੍ਰਿਸ਼ਨ ਜੀ ਮਿਲੇ ਤਾਂ ਪੁੱਛਿਆ "ਪੈਜ ਰਹੀ" ਭਾਈ ਗੁਰਦਾਸਜੀ ਦੇ ਸ਼ਬਦਾਂ ਵਿਚ ਦ੍ਰੋਪਤੀ ਨੇ ਕ੍ਰਿਸ਼ਨ ਜੀ ਨੂੰ ਮੁਖ਼ਾਤਬ ਹੋ ਕੇ ਇਓਂ ਕਿਹਾ:

ਘਰ ਆਈ ਠਾਕਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।

**ਦ੍ਰੋਪਤੀ:** ਮਹਾਰਾਜ ਪੈਜ ਤਾਂ ਰਹੀ ਪਰ ਆਪ ਤਾਂ ਅੰਤਰਜਾਮੀ ਹੋ ਪਰ ਜਦੋਂ ਦੂਤਾਂ ਨੇ ਮੈਨੂੰ ਕੇਸਾਂ ਤੋਂ ਪਕੜ ਕੇ ਘਸੀਟਿਆ ਅਤੇ ਦਰਬਾਰ ਵੱਲ ਲੈ ਤੁਰੇ ਤਾਂ ਉਸ ਵਕਤ ਤੁਸੀਂ ਉਨ੍ਹਾਂ ਦੇ ਹੱਥ ਟੁੰਡੇ ਕਿਉਂ ਨਾ ਕਰ ਦਿੱਤੇ।

**ਕ੍ਰਿਸ਼ਨ ਜੀ:** ਦ੍ਰੋਪਤੀ ਤੈਨੂੰ ਅਜੇ ਮਾਨ ਸੀ ਆਪਣੇ ਪੰਜਾਂ ਪਾਂਡਵਾਂ ਦਾ ਕਿ ਜਦੋਂ ਉਹ ਤੈਨੂੰ ਇਸ ਦੁਰਦਸ਼ਾ ਵਿਚ ਵੇਖਣਗੇ ਤਾਂ ਤੈਨੂੰ ਬਚਾ ਲੈਣਗੇ ਦੂਤਾਂ ਦੀ ਬੋਟੀ ਬੋਟੀ ਕਰ ਦੇਣਗੇ।

**ਦ੍ਰੋਪਤੀ:** ਮਹਾਰਾਜ ਜਦੋਂ ਰਾਜ ਦਰਬਾਰ ਵਿਚ ਜਾ ਕੇ ਮੇਰਾ ਇਹ ਭੁਲੇਖਾ ਦੂਰ ਹੋ ਗਿਆ ਅਤੇ ਦੂਤਾਂ ਨੇ ਮੇਰੀ ਸਾੜ੍ਹੀ ਨੂੰ ਹੱਥ ਪਾਇਆ ਤਾਂ ਫਿਰ ਤੁਸਾਂ ਮਦਦ ਕਿਉਂ ਨਾ ਕੀਤੀ।

**ਕ੍ਰਿਸ਼ਨ ਜੀ:** ਦੂਤਾਂ ਨੇ ਜਦ ਤੇਰੀ ਸਾੜ੍ਹੀ ਨੂੰ ਹੱਥ ਪਾਇਆ ਤਾਂ ਤੂੰ ਆਪਣੀਆਂ ਬਾਂਹਵਾਂ ਅਤੇ ਹੱਥਾਂ ਦੇ ਬਲ ਨਾਲ ਝਟਕਾ ਮਾਰ ਕੇ ਦੂਤਾਂ ਨੂੰ ਪਿਛਾਂਹ ਧੱਕ ਦਿੱਤਾ ਸੀ ਤੈਨੂੰ ਆਪਣੇ ਬਲ ਤੇ ਹਾਲੀ ਮਾਣ ਸੀ

**ਦ੍ਰੋਪਤੀ:** ਜਦੋਂ ਦੂਤਾਂ ਨੇ ਮੇਰੇ ਹੱਥ ਮਰੋੜੇ ਮੈਨੂੰ ਬੇਬੱਸ ਕਰ ਦਿੱਤਾ ਤਦ ਤਾਂ ਮੇਰੀ ਮਦਦ ਕਰਨੀ ਸੀ।

**ਕ੍ਰਿਸ਼ਨ ਜੀ:** ਮੈਂ ਸਭ ਕੁੱਝ ਦੇਖ ਰਿਹਾ ਸੀ ਕਿ ਤੂੰ ਕਿਵੇਂ ਆਪਣੇ ਮੂੰਹ ਵਿਚ ਸਾੜੀ ਦਾ ਪੱਲਾ ਫੜ ਕੇ ਆਪਣੀ ਇੱਜ਼ਤ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਪਰ ਜਦੋਂ ਦੂਤਾਂ ਨੇ ਚਪੇੜ ਮਾਰ ਕੇ ਸਾੜੀ ਤੇਰੇ ਮੂੰਹ ਵਿਚੋਂ ਖਿੱਚ ਲਈ ਤਾਂ ਉਸ ਵਕਤ ਜਦੋਂ ਤੂੰ ਸਭ ਆਸਰਿਆਂ ਤੋਂ ਬਾਅਦ ਮੈਨੂੰ ਯਾਦ ਕੀਤਾ ਤਾਂ ਤੇਰੀ ਅਰਦਾਸ ਸੁਣੀ ਗਈ। ਸਾੜ੍ਹੀਆਂ ਦੇ ਢੇਰ ਲੱਗ ਗਏ ਅਤੇ ਦੂਤ ਥੱਕ ਗਏ। ਜਦੋਂ ਸਾਰੇ ਆਸਰੇ ਛੱਡ ਕੇ ਇਨਸਾਨ ਪ੍ਰਭੂ ਦੀ ਸ਼ਰਨ ਵਿਚ ਆਉਂਦਾ ਹੈ ਉਦੋਂ ਹੀ ਸੱਚੇ ਮਨੋਂ ਅਰਦਾਸ ਹੁੰਦੀ ਹੈ ਅਤੇ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ।

ਸਤਿਗੁਰੂ ਜੀ ਗੁਰਬਾਣੀ ਵਿਚ ਇਉਂ ਫੁਰਮਾਉਂਦੇ ਹਨ:
ਜਾਕਉ ਮੁਸਕਲ ਅਤਿ ਬਣੇ ਢੋਈ ਕੋਈ ਨਾ ਦੇ
ਲਾਗੂ ਹੋਏ ਦੁਸਮਨਾ ਸਾਕ ਭੀ ਭਜ ਖਲੇ।
ਸਭੋ ਭੱਜੇ ਆਸਰਾ ਚੂਕੇ ਸਭ ਅਸਰਾਉ।
ਚਿਤ ਆਵੇ ਉਸ ਪਾਰਬ੍ਰਹਮ ਲਗੈ ਨਾ ਤਤੀ ਵਾਉ।

.....................

# ਲੇਖਕ ਦੀ ਹੱਡ ਬੀਤੀ ਘਟਨਾ

ਸਤੰਬਰ 1947 ਵਿਚ ਜਦੋਂ ਸਾਰਾ ਪੰਜਾਬ ਅੱਗ ਦੀ ਮਹਾਂ ਪਰਲੋ ਵਿਚ ਸੜ ਰਿਹਾ ਸੀ ਦਾਸ ਉਸ ਸਮੇਂ ਗੁਜਰਾਂਵਾਲਾ (ਪਾਕਿਸਤਾਨ) ਦੇ ਯਤੀਮਖਾਨੇ ਦਾ ਪ੍ਰਬੰਧ ਸੰਭਾਲ ਰਿਹਾ ਸੀ ਅਤੇ ਦਾਸ ਨੇ ਆਪਣੀ ਸੂਝ ਬੂਝ ਅਤੇ ਸਤਿਗੁਰੂ ਜੀ ਦੇ ਬਖ਼ਸ਼ੇ ਬਲ ਸਦਕਾ ਯਤੀਮਖਾਨੇ ਨੂੰ ਇੱਕ ਮਜ਼ਬੂਤ ਕਿਲ੍ਹੇ ਵਾਂਗ ਬਣਾ ਰੱਖਿਆ ਸੀ ਅਤੇ ਮੁਸਲਮਾਨ ਹਮਲਾਆਵਰਾਂ ਦਾ ਕੋਈ ਵੀ ਹਮਲਾ ਕਾਮਯਾਬ ਨਾ ਹੋ ਸਕਿਆ। ਜਦੋਂ ਯਤੀਮਖਾਨੇ ਦੇ ਕੈਂਪ ਵਿਚੋਂ ਕਾਨਵਾਈ ਬਣ ਕੇ ਹਿੰਦੋਸਤਾਨ ਵੱਲ ਆਉਣ ਵਾਲੀ ਸੀ ਤਾਂ ਸ਼ਹਿਰ ਦੀ ਪ੍ਰਬੰਧਕੀ ਕਮੇਟੀ ਨੇ ਦਾਸ ਨੂੰ ਗੁਜਰ਼ਾਂਵਾਲਾ (ਪਾਕਿਸਤਾਨ) ਤੋਂ ਹਿੰਦੋਸਤਾਨ ਜਾਣ ਲਈ 2 ਟਰੱਕ ਦਿੱਤੇ ਤਾਂ ਕਿ ਮੈਂ ਆਪਣੇ ਘਰ ਦਾ ਸਾਰਾ ਸਾਮਾਨ ਲੈ ਕੇ ਸਹੀ ਸਲਾਮਤ ਪਾਕਿਸਤਾਨ ਵਿਚੋਂ ਨਿਕਲ ਜਾਂਵਾਂ। ਦਾਸ ਨੇ ਇਹ ਕਹਿ ਕੇ ਟਰੱਕ ਲੈਣੋਂ ਮਨ੍ਹਾਂ ਕਰ ਦਿੱਤਾ ਕਿ ਜਦ ਇਸ ਕੈਂਪ ਵਿਚ ਇੱਕ ਵੀ ਹਿੰਦੂ ਜਾਂ ਸਿੱਖ ਰਹਿੰਦਾ ਹੈ ਮੈਂ ਕੈਂਪ ਵਿਚ ਹੀ ਰਹਾਂਗਾ।

ਸ਼ਹਿਰ ਦੀ ਪ੍ਰਬੰਧਕੀ ਕਮੇਟੀ ਨੇ ਹੁਕਮ ਕੀਤਾ ਕਿ ਤੁਸੀਂ ਇੱਥੇ ਨਹੀਂ ਰਹਿ ਸਕਦੇ (ਸ਼ਹਿਰ ਦੀ ਪ੍ਰਬੰਧਕੀ ਕਮੇਟੀ ਕੋਲ ਇਹ ਰਿਪੋਰਟਾਂ ਸਨ ਕਿ ਕਿਸੇ ਸਮੇਂ ਵੀ ਮੇਰੇ ਜਾਨ ਲੇਵਾ ਹਮਲਾ ਹੋ ਸਕਦਾ ਹੈ) ਤੁਹਾਡੀ ਸੇਵਾ ਤੇ ਸਾਨੂੰ ਬੜਾ ਫ਼ਖ਼ਰ ਅਤੇ ਮਾਣ ਹੈ ਪਰ ਤੁਹਾਡੀ ਸੇਵਾ ਦੀ ਹਾਲੇ ਪੰਥ ਨੂੰ ਬਹੁਤ ਲੋੜ ਹੈ ਇਸ ਲਈ ਤੁਸੀਂ ਇਸ ਕਾਨਵਾਈ ਦੇ ਨਾਲ ਚਲੇ ਜਾਉ ਇਸ ਵਕਤ ਤੁਹਾਡੀ ਜ਼ਿੰਦਗੀ ਨੂੰ ਇੱਥੇ ਬਹੁਤ ਖ਼ਤਰਾ ਹੈ ਤੁਹਾਡੇ ਸਿਰ ਤੇ ਇਨਾਮ ਰੱਖਿਆ ਗਿਆ ਹੈ ਤਾਂ ਦਾਸ ਦੇ ਮੂੰਹੋਂ ਸਤਿਗੁਰਾਂ ਦਾ ਇਹ ਬਚਨ ਨਿਕਲਿਆ:

ਆਪੇ ਪਾਵਕ ਆਪੇ ਪਵਨਾ ਜਾਰੇ ਖਸਮ ਤਾਂ ਰਾਖੈ ਕਵਨਾ।

ਪ੍ਰਬੰਧਕਾਂ ਨੇ ਕਿਹਾ ਕਿ ਅਸੀਂ ਆਪਣਾ ਫਰਜ਼ ਸਮਝ ਕੇ ਬੇਨਤੀ ਕਰਦੇ ਹਾਂ ਜੋ ਆਪ ਨੂੰ ਮੰਨਣੀ ਹੀ ਪਵੇਗੀ। ਇਸ ਨੂੰ ਸੰਗਤ ਦਾ ਬਚਨ ਕਹਿ ਕੇ ਮੰਨ ਲਵੋ ਭਾਂਵੇਂ ਸੇਵਕਾਂ ਦਾ। ਇਸ ਪਿੱਛੋਂ ਦਾਸ ਨੇ ਕੋਈ ਜੁਆਬ ਨਾ ਦਿੱਤਾ ਅਤੇ ਦੁਪਹਿਰੇ 2 ਵਜੇ 2 ਟਰੱਕ ਆ ਗਏ ਅਤੇ ਸੇਵਾਦਾਰ ਕਹਿਣ ਲੱਗੇ ਕਿ ਹੁਕਮ ਕਰੋ ਕਿ ਆਪ ਦਾ ਕਿਹੜਾ ਸਾਮਾਨ ਲੋਡ ਕਰਨਾ ਹੈ ਤਾਂ ਦਾਸ ਨੇ ਕਿਹਾ ਕਿ ਮੇਰਾ ਸਭ ਤੋਂ ਅਮੁੱਲ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਸਮੇਂ ਕੈਂਪ ਵਿਚ ਤਕਰੀਬਨ 125 ਦੇ ਕਰੀਬ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਨ ਜੋ ਜ਼ਿਆਦਾਤਰ ਲੋਕ ਹਿੰਦੋਸਤਾਨ ਜਾਣ ਸਮੇਂ ਕੈਂਪ ਵਿਚ ਜਮ੍ਹਾਂ ਕਰਵਾ ਗਏ ਸਨ। ਸੋ ਦਾਸ ਦੇ ਹੁਕਮ ਮੁਤਾਬਿਕ ਸੇਵਾਦਾਰਾਂ ਨੇ ਇੱਕ ਟਰੱਕ ਵਿਚ ਦਰੀਆਂ ਅਤੇ ਚਾਦਰਾਂ ਵਿਛਾ ਕੇ ਪਵਿੱਤਰ ਸਰੂਪ ਟਰੱਕ ਵਿਚ ਟਿਕਾ ਦਿੱਤੇ। ਜਦ ਸੇਵਾਦਾਰਾਂ ਨੇ ਪੁੱਛਿਆ ਕਿ ਦੂਜੇ ਟਰੱਕ ਵਿਚ ਕਿਹੜਾ ਸਾਮਾਨ ਰੱਖਣਾ ਹੈ ਤਾਂ ਦਾਸ ਨੇ ਕਿਹਾ ਕਿ ਕੌਮ ਦਾ ਸਰਮਾਇਆ ਇਹ ਯਤੀਮ ਬੱਚੇ ਜੋ ਮੇਰੀ ਦੇਖ ਰੇਖ ਵਿਚ ਹਨ ਇਨ੍ਹਾਂ ਨੂੰ ਦੂਜੇ ਟਰੱਕ ਵਿਚ ਬਿਠਾ ਦਿਉ। ਜਦੋਂ ਦੋਨੋਂ ਟਰੱਕ ਭਰ ਗਏ ਤਾਂ ਦਾਸ ਨੇ ਦੋਨੋਂ ਹੱਥ ਜੋੜ ਅਰਦਾਸ ਕੀਤੀ ਅਤੇ ਟਰੱਕ ਵਿਚ ਅਸਵਾਰ ਹੋ ਗਏ। ਇੱਕ ਸੇਵਾਦਾਰ ਨੇ ਪੁੱਛਿਆ ਕਿ ਕੋਈ ਹੋਰ ਚੀਜ਼ ਚਾਹੀਦੀ ਹੋਵੇ ਤਾਂ ਮੈਂ ਲੈ ਆਵਾਂ ਤਾਂ ਦਾਸ ਨੇ ਉਸ ਧਰਤੀ ਦੀ ਮਿੱਟੀ ਨੂੰ ਮੱਥੇ ਨਾਲ ਲਾਇਆ ਜਿਸ ਵਿਚ ਹੱਸਦੇ

ਖੇਡਦੇ ਵੱਡੇ ਹੋਏ ਇੱਥੇ ਬੈਠ ਕੇ ਹੀ ਗੁਰਮਤਿ ਦੀ ਦਾਤ ਲਈ ਜਿਸ ਧਰਤੀ ਤੇ ਮਹਾਰਾਜਾ ਰਣਜੀਤ ਸਿੰਘ ਜਿਹੇ ਯੋਧੇ ਪੈਦਾ ਹੋਏ ਅੱਜ ਉਸ ਧਰਤੀ ਨੂੰ ਹੁਣ ਛੱਡ ਕੇ ਜਾ ਰਹੇ ਹਾਂ ਫਿਰ ਪਤਾ ਨਹੀਂ ਕਦੇ ਆਵੀਏ ਕਿ ਨਾ। ਅਜੇ ਪਰੇਮੀਆਂ ਨਾਲ ਇਹ ਬਚਨ ਚੱਲ ਹੀ ਰਹੇ ਸਨ ਕਿ ਕਾਨਵਾਈ ਕਮਾਂਡਰ ਨੇ ਸੀਟੀ ਵਜਾਈ ਅਤੇ ਕਾਨਵਾਈ ਰਵਾਨਾ ਹੋ ਪਈ। ਇਸ ਵਿਛੋੜੇ ਕਾਰਨ ਸਭ ਪਰੇਮੀ ਵੈਰਾਗਮਈ ਦਸ਼ਾ ਵਿਚ ਨਜ਼ਰ ਆ ਰਹੇ ਸਨ ਅਤੇ ਮੈਂ ਨੇ ਸਭ ਨੂੰ ਵਾਹਿਗੁਰੂ ਜੀ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਬੁਲਾਈ। ਕੁਝ ਹੀ ਮਿੰਟਾਂ ਵਿਚ ਟਰੱਕ ਅੱਖਾਂ ਤੋਂ ਉਹਲੇ ਹੋ ਗਏ। ਦਿੱਤੇ ਨਿਰਦੇਸ਼ਾਂ ਅਨੁਸਾਰ ਸਾਰੇ ਬੱਚੇ ਸ੍ਰੀ ਵਾਹਿਗੁਰੂ ਜੀ ਦਾ ਜਾਪ ਹਿਰਦੇ ਵਿਚ ਕਰ ਰਹੇ ਸਨ। ਕਰਤੇ ਦੀ ਰਜ਼ਾ ਜਿੱਥੇ ਕਿ ਮਿਲਟਰੀ ਦੇ ਟਰੱਕ ਸਾਡੇ ਪਿੱਛੇ ਹੋਣੇ ਸਨ ਪਰ ਉਨ੍ਹਾਂ ਦੀ ਥਾਂ ਸਾਡੇ ਦੋਨੋਂ ਟਰੱਕ ਕਾਨਵਾਈ ਦੇ ਪਿੱਛੇ ਚੱਲ ਰਹੇ ਸਨ। ਜਦੋਂ ਲਾਹੌਰ ਤੋਂ ਤਕਰੀਬਨ 2 ਕੁ ਮੀਲ ਉਰੇ ਹੀ ਸਾਂ ਕਿ ਮੂਹਰਲੇ ਟਰੱਕ ਦਾ ਤੇਲ ਬੰਦ ਹੋ ਗਿਆ ਡਰਾਈਵਰ ਨੇ ਥੱਲੇ ਉਤਰ ਕੇ ਤੇਲ ਵਿਚੋਂ ਹਵਾ ਕੱਢੀ ਪਰ ਇਤਨੇ ਨੂੰ ਬਾਕੀ ਦੀ ਕਾਨਵਾਈ ਕਾਫ਼ੀ ਦੂਰ ਜਾ ਚੁਕੀ ਸੀ ਅਤੇ ਲਾਹੌਰ ਵਿਚੋਂ ਨਿਯਤ ਰਸਤੇ ਰਾਹੀਂ ਮੋੜ ਕੱਟਦੀ ਸਾਡੀਆਂ ਅੱਖਾਂ ਤੋਂ ਓਝਲ ਹੋ ਗਈ। ਸ਼ਹਿਰ ਵਿਚ ਵੜਣ ਤੋਂ ਪਹਿਲਾਂ ਡਰਾਈਵਰ ਨੇ ਮੈਨੂੰ ਪੁੱਛਿਆ ਕਿ ਸ਼ਹਿਰ ਵਿਚੋਂ ਕਿਸ ਰਸਤੇ ਜਾਣਾ ਹੈ ਤਾਂ ਮੈਂ ਨੇ ਕਿਹਾ ਕਿ ਡੇਹਰਾ ਸਾਹਿਬ ਵਾਲੀ ਬਾਹਰਵਾਰ ਵਾਲੀ ਸੜਕ ਤੇ ਚਲੋ ਅਤੇ ਸਟੇਸ਼ਨ ਤੋਂ ਪਹਿਲਾਂ ਰੇਲ ਗੱਡੀ ਦੀ ਲਾਈਨ ਥੱਲਿਓਂ ਇੱਕ ਦੋ ਮੋਰੀ ਪੁਲ ਹੈ ਉਹ ਸੜਕ ਸਿੱਧੀ ਅੰਮ੍ਰਿਤਸਰ ਜਾਏਗੀ। ਆਪ ਇਸੇ ਰਸਤੇ ਚੱਲੋ ਅਤੇ ਦੋਮੋਰੀ ਪੁਲ ਦਾ ਧਿਆਨ ਰੱਖਣਾ।

ਹੁਕਮ ਅਨੁਸਾਰ ਡਰਾਈਵਰ ਨੇ ਟਰੱਕ ਇਸੇ ਰਸਤੇ ਪਾ ਲਏ। ਦੋਨੋਂ ਟਰੱਕ ਜਦੋਂ ਡੇਹਰਾ ਸਾਹਿਬ ਦੇ ਕੋਲੋਂ ਲੰਘ ਰਹੇ ਸਨ ਤਾਂ ਦਾਸ ਨੇ ਹੱਥ ਜੋੜ ਕੇ ਨਮਸ਼ਕਾਰ ਕੀਤੀ ਅਤੇ ਹਿਰਦੇ ਵਿਚੋਂ ਇਹ ਅਰਦਾਸ ਨਿਕਲੀ :

ਭਨ ਮਥਰਾ ਕਛੁ ਭੇਦਿ ਨਹਿ ਗੁਰ ਅਰਜਨ ਪ੍ਰਤਖ ਹਰ।

ਹੇ ਪ੍ਰਤੱਖ ਸਤਿਗੁਰੂ ਜੀਓ ਅੰਗ ਸੰਗ ਸਹਾਇਤਾ ਬਖ਼ਸ਼ਣੀ ਅਤੇ ਆਪਣੇ ਬਿਰਦ ਦੀ ਲਾਜ ਰੱਖਣੀ। ਟਰੱਕ ਹਵਾ ਨਾਲ ਗੱਲਾਂ ਕਰਦੇ ਜਾ ਰਹੇ ਸਨ ਇਸੇ ਹੀ ਸੜਕ ਦੇ ਕਿਨਾਰੇ ਮਿਸ਼ਰੀ ਸ਼ਾਹ ਦਾ ਮੁਹੱਲਾ ਸੀ ਜੋ ਮੁਸਲਮਲੀਗ ਦਾ ਗੜ੍ਹ ਸੀ ਇਸ ਲਈ ਇਹ ਰਸਤਾ ਤਾਂ ਸਾਰੀਆਂ ਕਾਨਵਾਈਆਂ ਲਈ ਬਿਲਕੁਲ ਬੰਦ ਸੀ। ਕੋਈ ਮਿਲਟਰੀ ਦਾ ਟਰੱਕ ਵੀ ਇਸ ਰਸਤੇ ਨਹੀਂ ਸੀ ਲੰਘਦਾ।

ਕਰਤੇ ਦੀ ਨੇਤ ਸਾਡੇ ਟਰੱਕ ਕਿਸੇ ਵੀ ਨਾ ਰੋਕੇ ਅਤੇ ਨਾ ਹੀ ਸਾਨੂੰ ਕੁੱਝ ਪਤਾ ਸੀ ਇਸ ਰਸਤੇ ਦੇ ਖ਼ਤਰੇ ਦਾ। ਦੋਮੋਰੀ ਪੁਲ ਤੋਂ ਪਹਿਲਾਂ ਇੱਕਮੋਰੀ ਪੁਲ ਆਉਂਦਾ ਹੈ ਅਤੇ ਡਰਾਈਵਰ ਨੇ ਗਲਤੀ ਨਾਲ ਟਰੱਕ ਉੱਥੋਂ ਮੋੜ ਲਿਆ ਅਤੇ ਪੁਲ ਪਾਰ ਕਰਦਿਆਂ ਹੀ ਅਸੀਂ ਮਿਸ਼ਰੀ ਸ਼ਾਹ ਦੇ ਮੁਹੱਲੇ ਦੇ ਚੌਕ ਵਿਚ ਪਹੁੰਚ ਗਏ। ਅਚਨਚੇਤ ਟਰੱਕ ਪੁਜਣ ਦੀ ਦੇਰ ਸੀ ਕਿ ਅਲੀ ਅਲੀ ਕਰਦੇ ਹਜ਼ਾਰਾਂ ਮੁਸਲਮਾਨਾਂ ਨੇ ਸਾਡੇ ਟਰੱਕ ਘੇਰ ਲਏ। ਟਰੱਕਾਂ ਨੂੰ ਘੇਰਾ ਪਾ ਲਿਆ ਉਹ ਸਮਾਂ ਸੀ ਜਦੋਂ ਜੀਵਨ ਅਤੇ ਮੌਤ ਦੋਵੇਂ ਇੱਕ ਦੂਜੇ ਵੱਲ ਘੂਰ ਘੂਰ

ਕੇ ਵੇਖ ਰਹੇ ਸਨ। ਅਕਾਲ ਪੁਰਖ ਦੀ ਨੇਤ ਕਿ ਸਾਡੇ ਦੋਵੇਂ ਡਰਾਈਵਰ ਵੀ ਮੁਸਲਮਾਨ ਸਨ ਪਰ ਫੌਜੀ ਹੋਣ ਕਾਰਨ ਹੁਕਮ ਮੰਨਣ ਦੇ ਆਦੀ ਸਨ।

ਰਾਤ ਦੇ 8 ਵਜੇ ਦਾ ਟਾਈਮ ਸੀ ਬਿਜਲੀ ਦੀ ਰੋਸ਼ਨੀ ਵਿਚ ਗੁਰੂ ਗ੍ਰੰਥ ਸਾਹਿਬ ਤੇ ਦਿੱਤੇ ਰੁਮਾਲੇ ਚਮਕ ਰਹੇ ਸਨ ਜਿਵੇਂ ਕਿ ਕੋਈ ਖ਼ਜ਼ਾਨਾ ਹੋਵੇ। ਭੀੜ ਵਿਚੋਂ ਹਿਰਦੇ ਵੇਧਕ ਆਵਾਜ਼ਾਂ ਆ ਰਹੀਆਂ ਸਨ ਲੁੱਟ ਲਵੋ ਮਾਰ ਦਿਓ ਕਾਫ਼ਰਾਂ ਨੂੰ। ਮਾਰ ਲਵੋ ਲੁੱਟ ਲਵੋ ਦੀਆਂ ਆਵਾਜ਼ਾਂ ਨੇ ਪਰਲੋ ਕਾਲ ਦਾ ਦ੍ਰਿਸ਼ ਅੱਖਾਂ ਅੱਗੇ ਲਿਆ ਦਿੱਤਾ। ਟਰੱਕ ਵਿਚ ਬੈਠੇ ਯਤੀਮ ਬੱਚੇ ਡਰ ਕੇ ਇੱਕ ਦੂਜੇ ਦੇ ਗੋਡਿਆਂ ਹੇਠ ਸਿਰ ਛੁਪਾ ਰਹੇ ਸਨ। ਕਿਉਂਕਿ ਉਨ੍ਹਾਂ ਨੇ ਸੁਣਿਆ ਹੋਇਆ ਸੀ ਕਿ ਜੋ ਟਰੱਕ ਇਉਂ ਘਿਰ ਜਾਂਦੇ ਹਨ ਨਿਰਦਈ ਮੁਸਲਮਾਨ ਮਨੁੱਖਾਂ ਦੀਆਂ ਅੱਖਾਂ ਕੱਢ ਦਿੰਦੇ ਹਨ, ਜ਼ਬਾਨਾਂ ਕੱਟ ਦਿੰਦੇ ਹਨ ਅਤੇ ਆਂਦਰਾਂ ਬਾਹਰ ਕੱਢ ਕੇ ਤੜਫ਼ਾ ਤੜਫ਼ਾ ਕੇ ਮਾਰਦੇ ਹਨ।

ਇਸ ਸਮੇਂ ਜਦੋਂ ਦੁਨੀਆਂ ਦੀ ਕੋਈ ਤਾਕਤ ਨਹੀਂ ਸੀ ਬਚਾ ਸਕਦੀ ਅਤੇ ਨਾ ਹੀ ਇਸ ਸੰਕਟ ਵਿਚੋਂ ਨਿਕਲਣ ਦਾ ਕੋਈ ਹੋਰ ਉਪਾਅ ਹੀ ਹੋ ਸਕਦਾ ਸੀ ਤਾਂ ਉਸ ਵਕਤ 2 ਮਿੰਟਾਂ ਲਈ ਅਰਦਾਸ ਵਿਚ ਮਨ ਜੁੜ ਗਿਆ ਅਤੇ ਮੱਧਮ ਜਿਹੀ ਆਵਾਜ਼ ਵਿਚ ਇਹ ਪੰਕਤੀਆਂ ਹਿਰਦੇ ਵਿਚੋਂ ਨਿਕਲੀਆਂ:

ਪ੍ਰਭ ਦਾਤਉ ਦਾਤਾਰ ਪਰਿਉ ਜਾਚਕ ਇਕ ਸਰਨਾ।
ਮਿਲੈ ਦਾਨ ਸੰਤ ਰੇਣ ਜਿਹ ਲਗਿ ਭਉਜਲ ਤਰਨਾ।
ਬਿਨਤਿ ਕਰਉ ਅਰਦਾਸ ਸੁਨਹੁ ਜੇ ਕਰਤੇ ਭਾਵੈ।
ਦੇਹੁ ਦਰਸੁ ਮਨਿ ਚਾਉ ਭਗਤ ਇਹੁ ਮਨ ਠਹਿਰਾਵੈ।

ਬਲਿਉ ਚਰਾਗ ਅੰਧਿਆਰ ਮਹਿ ਸਭ ਕਲ ਉਧਰੀ ਇਕ ਨਾਮ ਧਰਮ ਪ੍ਰਗਟ ਸਗਲ ਹਰਿ ਭਵਨ ਮਹਿ ਜਨ ਨਾਨਕ ਗੁਰ ਪਾਰਬ੍ਰਹਮ।

ਜਾ ਕਉ ਮੁਸਕਲ ਅਤਿ ਬਣੈ ਢੋਈ ਕੋਈ ਨਾ ਦੇਇ
ਲਾਗੂ ਹੋਇ ਦੁਸਮਨਾ ਸਾਕ ਭੀ ਭਜਿ ਖਲੇ।
ਸਭੋ ਭੱਜੇ ਆਸਰਾ ਚੁਕੇ ਸਭ ਅਸਰਾਉ
ਚਿਤ ਆਵੈ ਉਸੁ ਪਾਰਬ੍ਰਹਮ ਲਗੇ ਨਾ ਤਤੀ ਵਾਉ॥

ਇਸ ਗੈਬੀ "ਬਲਿਉ ਚਰਾਗ" ਦੀ ਰੋਸ਼ਨੀ ਵਿਚੋਂ ਇਉਂ ਆਵਾਜ਼ ਆਈ "ਸਦਾ ਅੰਗ ਸੰਗੇ ਅਭੰਗੰ ਬਿਭੂਤੇ" ਇਸ ਗੈਬੀ ਆਵਾਜ਼ ਨੇ ਮੇਰੇ ਹਿਰਦੇ ਅੰਦਰ ਕੋਈ ਅੰਤਾਂ ਦਾ ਤ੍ਰਾਣ ਭਰ ਦਿੱਤਾ। ਜਦ ਮੈਂ ਨੇ ਨੇਤਰ ਖੋਹਲੇ ਤਾਂ ਹਿਰਦੇ ਵਿਚ ਖੇੜਾ ਸੀ ਅਤੇ ਡਰਾਈਵਰ ਨੂੰ ਹੁਕਮ ਦਿੱਤਾ ਕਿ ਟਰੱਕ ਸਟਾਰਟਰ ਕਰੋ ਡਰਾਈਵਰ ਘਬਰਾਹਟ ਵਿਚ ਸੀ ਕਿ ਕਿੱਧਰ ਜਾਵਾਂ ਚਾਰ ਚੁਫ਼ੇਰੇ ਲੋਕਾਂ ਨੇ ਘੇਰਾ ਪਾਇਆ ਹੋਇਆ ਹੈ ਕੋਈ ਥੱਲੇ ਆ ਕੇ ਮਰ ਜਾਏਗਾ। ਮੈਂ ਫਿਰ ਕਿਸੇ ਗੈਬੀ ਸ਼ਕਤੀ ਦੇ ਦਿੱਤੇ ਆਦੇਸ਼ਾਂ ਅਨੁਸਾਰ ਕਿਹਾ ਟਰੱਕ ਬੈਕ ਕਰ ਕੇ ਜੀ.ਟੀ. ਰੋਡ ਤੇ ਲੈ ਚਲੋ ਤੁਹਾਨੂੰ ਕੋਈ ਕੁਛ ਨਹੀਂ ਕਹੇਗਾ ਟਰੱਕ ਅੱਗੇ ਕੋਈ ਨਹੀਂ ਆਏਗਾ

ਟਰੱਕਾਂ ਨੂੰ ਕੋਈ ਨਹੀਂ ਰੋਕੇਗਾ। ਫੌਜੀ ਡਰਾਈਵਰ ਹੋਣ ਕਾਰਨ ਹੁਕਮ ਅਨੁਸਾਰ ਟਰੱਕਾਂ ਨੂੰ ਬੈਕ ਕਰ ਕੇ ਪਿੱਛੇ ਜੀ.ਟੀ. ਰੋਡ ਵੱਲ ਚੱਲ ਪਏ। ਅਜੀਬ ਕ੍ਰਿਸ਼ਮਾ ਹੋਇਆ ਕਿ ਜਿਹੜੇ ਮਾਰ ਲੌ ਲੁੱਟ ਲੌ ਦੇ ਨਾਅਰੇ ਲਗਾ ਰਹੇ ਸਨ ਟਰੱਕਾਂ ਦੇ ਅੱਗੋਂ ਇਸ ਤਰ੍ਹਾਂ ਹਟਦੇ ਗਏ ਜਿਵੇਂ ਕੋਈ ਪੁਲਿਸ ਵਾਲਾ ਬੈਂਤ ਮਾਰ ਮਾਰ ਕੇ ਸਭ ਨੂੰ ਉੱਥੋਂ ਭਜਾ ਰਿਹਾ ਹੋਵੇ। ਕਿਸੇ ਨੂੰ ਹਿੰਮਤ ਨਾ ਪਈ ਕਿ ਟਰੱਕਾਂ ਨੂੰ ਹੱਥ ਪਾਏ। ਪਰ ਮੁਹੱਲੇ ਦੀਆਂ ਛੱਤਾਂ ਤੇ ਇਕੱਠੇ ਹੋਏ ਲੋਕਾਂ ਵਿਚੋਂ ਕੁੱਝ ਕੁ ਨੇ ਛੱਤਾਂ ਤੋਂ ਪੱਥਰ ਮਾਰੇ ਜਿਸ ਨਾਲ ਕਾਫ਼ੀ ਬੱਚੇ ਜ਼ਖਮੀ ਹੋ ਗਏ। ਟਰੱਕਾਂ ਨੇ ਆਪਣੀ ਰਫ਼ਤਾਰ ਫੜ ਲਈ ਅਤੇ ਮੌਤ ਦੇ ਮੂੰਹ ਵਿਚੋਂ ਬਚ ਕੇ ਅਸੀਂ ਰਾਤ 9 ਵਜੇ ਨੈਸ਼ਨਲ ਕਾਲਜ ਅੰਮ੍ਰਿਤਸਰ ਹਿੰਦੋਸਤਾਨੀ ਕੈਂਪ ਵਿਚ ਪਹੁੰਚ ਗਏ। ਇੱਕ ਕਮਰੇ ਵਿਚ ਵਿਛਾਈ ਕਰ ਕੇ ਇੱਕ ਥੜੇ ਤੇ ਮਹਾਰਾਜ ਦੇ ਸਰੂਪ ਬਿਰਾਜਮਾਨ ਕੀਤੇ ਅਤੇ ਸ਼ੁਕਰਾਨੇ ਵਜੋਂ ਦੋ ਹੱਥ ਜੋੜ ਕੇ ਇਉਂ ਹਿਰਦੇ ਵਿਚੋਂ ਅਰਦਾਸ ਹੋਈ:

ਤਿਥੈ ਤੂੰ ਸਮਰਥੁ ਜਿਥੈ ਕੋਈ ਨਾਹਿ
ਉਥੈ ਤੇਰੀ ਰਖੁ ਅਗਨੀ ਉਦਰ ਮਾਹਿ।
ਸੁਣ ਕੈ ਜਮ ਕੇ ਦੂਤ ਨਾਇ ਤੇਰੇ ਛਡ ਜਾਹਿ
ਭਉਜਲ ਬਿਖਮ ਅਸਗਾਹ ਗੁਰ ਸ਼ਬਦੀ ਪਾਰ ਪਾਹਿ।

ਜ਼ਾਹਿਰ ਜ਼ਹੂਰ ਸਤਿਗੁਰਾਂ ਦਾ ਸ਼ੁਕਰਾਨੇ ਭਰੇ ਸ਼ਬਦਾਂ ਵਿਚ ਧੰਨਵਾਦ ਕਰ ਕੇ ਅਰਦਾਸ ਦੀ ਸਮਾਪਤੀ ਕੀਤੀ।

ਮੈਂ ਆਪਣੀ ਲਿਖੀ ਦਾਸਤਾਨ ਨੂੰ ਜਦੋਂ ਆਪ ਪੜ੍ਹਦਾ ਹਾਂ ਤਾਂ ਰੌਂਗਟੇ ਖੜੇ ਹੋ ਜਾਂਦੇ ਹਨ ਅਤੇ ਹਿਰਦੇ ਵਿਚੋਂ ਬਾਰ ਬਾਰ ਇਹ ਸ਼ਬਦ ਨਿਕਲਦੇ ਹਨ:

ਜਿਥੇ ਹਰਿ ਆਰਾਧੀਏ ਤਿਥੇ ਹਰਿ ਮਿਤ ਸਹਾਈ।...

ਜਹਿ ਜਹਿ ਕਾਜ ਕਿਰਤ ਸੇਵਕ ਕੀ ਤਹਾਂ ਤਹਾਂ ਉਠ ਧਾਵੈ।
ਸੇਵਕ ਕਉ ਨਿਕਟ੍ਰੀ ਹੋਇ ਦਿਖਾਵੈ।...

**********

# ਕਾਬਲ ਦੇ ਇਲਾਕੇ ਵਿਚ ਗੁਰੂ ਨਾਨਕ ਦਾ ਪੰਜਾ ਲਗਦਾ ਹੈ ਗੁਰਸਿੱਖ ਦਾ ਪਰਤੱਖ ਵਿਸ਼ਵਾਸ ਉਸ ਦੀ ਜ਼ੁਬਾਨੀਂ

ਕਾਬਲ ਦੇ ਇਲਾਕੇ ਵਿਚ ਲੋਹਗੜ੍ਹ ਨਾਮ ਦਾ ਇੱਕ ਕਸਬਾ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਯਾਦ ਵਿਚ ਨਦੀ ਕਿਨਾਰੇ ਇੱਕ ਪਵਿੱਤਰ ਅਸਥਾਨ ਹੈ।

ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ। ਗੁਰ ਸਿਖੀ ਸੋ ਥਾਨ ਭਾਲਿਆ ਲੈ ਧੂੜ ਮੁਖ ਲਾਵਾ।

ਕੰਧਾਰ ਦੇ ਅਲੀਯਾਰ ਫ਼ਕੀਰ ਨੂੰ ਤਾਰਨ ਗਏ ਸਤਿਗੁਰੂ ਜੀ ਇੱਥੇ ਕੁੱਝ ਸਮਾਂ ਠਹਿਰੇ ਸਨ। ਜਦ ਅੱਗੇ ਜਾਣ ਲੱਗੇ ਤਾਂ ਇਸ ਕਸਬੇ ਦੇ ਲੋਕਾਂ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਬਾਬਾ ਜੀ ਵਿਛੋੜੋ ਨਾ ਆਪ ਦੇ ਬਚਣ ਸੁਣ ਕੇ ਮਨ ਨੂੰ ਕੋਈ ਗੈਬੀ ਰੰਗ ਚੜ੍ਹਦਾ ਹੈ ਮਨ ਸ਼ਾਂਤ ਹੁੰਦਾ ਹੈ। ਉਨ੍ਹਾਂ ਪਿਆਰਿਆਂ ਨੇ ਕਿਹੜੇ ਕਿਹੜੇ ਸ਼ਬਦ ਕਹੇ ਇਹ ਤਾਂ ਬਾਬਾ ਜੀ ਆਪ ਹੀ ਜਾਣਨ ਪਰ ਉਨ੍ਹਾਂ ਦੇ ਵਿਛੋੜੇ ਦੀ ਅਵਸਥਾ ਗੁਰੂ ਅਰਜਨ ਦੇ ਜੀ ਦੇ ਸ਼ਬਦਾਂ ਵਿਚ ਇਉਂ ਵਰਣਨ ਹੁੰਦੀ ਹੈ:

ਘੋਲਿ ਘੁਮਾਈ ਲਾਲਨਾ ਗੁਰਿ ਮਨ ਦੀਨਾ।
ਸੁਣਿ ਸਬਦ ਤੁਮਾਰਾ ਮੇਰਾ ਮਨ ਲੀਨਾ।
ਇਹੁ ਮਨੁ ਭੀਨਾ ਜਿਉ ਜਲ ਮੀਨਾ ਲਾਗਾ ਰੰਗੁ ਮੁਰਾਰਾ।
ਕੀਮਤ ਕਹੀ ਨਾ ਜਾਈ ਠਾਕੁਰ ਤੇਰਾ ਮਹਿਲ ਅਪਾਰਾ।
ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਹ ਦੀਨਾ।
ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ।

ਤਾਰਨਹਾਰ ਅਤੇ ਬਿਰਦ ਪਾਲ ਸਤਿਗੁਰੂ ਜੀ ਚੁੱਪ ਅਤੇ ਮਸਤ ਖੜੇ ਕਿਸੇ ਰੱਬੀ ਰੰਗ ਵਿਚ ਬੋਲੇ:

ਰੰਗ ਹਸੈ ਰੰਗ ਰੋਵੈ ਚੁਪ ਭੀ ਕਰ ਜਾਇ।
ਪ੍ਰਵਾਹ ਨਾਹੀ ਕਿਸੇ ਕੇਰੀ ਬਾਝ ਸਚੇ ਨਾਇ।

ਇਸ ਅਵਸਥਾ ਸਦਾ ਧਾਰਨੀ ਗੁਰੂ ਬਾਬਾ ਜੀ ਕੰਵਲ ਫੁਲ ਜਿਹੇ ਸਦਾ ਖਿੜਾਉ ਵਾਲੇ ਹਿਰਦੇ ਵਿਚੋਂ ਅੰਮ੍ਰਿਤ ਬਚਨ ਹੋਇਆ ਪਿਆਰਿਓ ਜਿੱਥੇ ਬੈਠ ਕੇ ਤੁਸੀਂ ਇਤਨੇ ਦਿਨ ਸਤਿਸੰਗ ਅਤੇ ਜੀਵਨ ਦਾ ਰਸ ਮਾਣਿਆ ਹੈ ਇੱਥੇ ਸ੍ਰੀ ਨਿਰੰਕਾਰ ਜੀਓ ਦਾ ਮੰਦਰ ਬਣਾਓ ਅਤੇ ਨਿਤਨੇਮ ਨਾਲ ਸਵੇਰੇ ਇਸ ਨਦੀ ਵਿਚੋਂ ਇਸ਼ਨਾਨ ਕਰੋ ਅਤੇ ਜੋ ਸ੍ਰੀ ਵਾਹਿਗੁਰੂ ਜੀ ਸਿਫ਼ਤ ਸਲਾਹ ਦੇ ਬਚਣ ਮਰਦਾਨਾ ਜੀ ਪਾਸੋਂ ਕੀਰਤਨ ਸੁਣ ਕੇ ਨੋਟ ਕੀਤੇ ਹਨ ਉਨ੍ਹਾਂ ਦਾ ਹਰ ਰੋਜ਼ ਕੀਰਤਨ ਕਰ ਕੇ ਪੰਚ ਅੰਮ੍ਰਿਤ ਕੜਾਹ ਪ੍ਰਸ਼ਾਦ ਦੀ ਦੇਗ ਕਰਨੀ ਜੋ ਧਰਮ ਦੀ

ਕਿਰਤ ਵਾਲੀ ਮਾਇਆ ਦੀ ਬਣੇ। ਉਸ ਦੇਗ ਵਿਚ ਛਲ ਫ਼ਰੇਬ ਵਾਲੀ ਕਮਾਈ ਵਾਲੀ ਰਸਦ ਨਾ ਹੋਵੇ ਤਾਂ ਮੈਂ ਤੁਹਾਡੇ ਨਾਲ ਵਾਇਦਾ ਕਰਦਾ ਹਾਂ ਕਿ ਮੈਂ ਉਸ ਨੂੰ ਜ਼ਰੂਰ ਆ ਕੇ ਛਕਿਆ ਕਰਾਂਗਾ। ਉਸ ਦੀ ਨਿਸ਼ਾਨੀ ਇਹ ਹੋਵੇਗੀ ਕਿ ਪ੍ਰਸ਼ਾਦ ਤੇ ਮੇਰਾ ਪੰਜਾ ਲੱਗਾ ਹੋਵੇਗਾ ਅਤੇ ਪ੍ਰਸ਼ਾਦ ਕਰਵਾਉਣ ਵਾਲਾ ਸ੍ਰੀ ਵਾਹਿਗੁਰੂ ਜੀ ਦੀ ਦਰਗਾਹ ਵਿਚੋਂ ਜੋ ਮੰਗੇਗਾ ਉਹ ਮਿਲੇਗਾ। ਭਰੋਸਾ ਰੱਖਣਾ ਅਤੇ ਗੁਰੂ ਗੁਰੂ ਜਪਣਾ ਕਹਿ ਕੇ ਸਭ ਨੂੰ ਅਸੀਸ ਦੇ ਕੇ ਪ੍ਰਭੂ ਨਾਲ ਜੁੜਨ ਦੀ ਬਖਸ਼ਿਸ਼ ਕਰ ਕੇ ਅਗੇ ਚਲੇ ਗਏ।

ਕਾਫ਼ੀ ਦੇਰ ਤੱਕ ਪ੍ਰੇਮੀ ਇੱਕ ਟੱਕ ਖੜੇ ਦੇਖਦੇ ਰਹੇ ਪਰ ਜਦੋਂ ਗੁਰੂ ਜੀ ਨਜ਼ਰਾਂ ਤੋਂ ਉਹਲੇ ਹੋ ਗਏ ਤਾਂ ਸਭ ਪ੍ਰੇਮੀ ਸਤਿਗੁਰਾਂ ਦੀ ਦਿੱਤੀ ਮੱਤ ਅਤੇ ਸਿੱਖਿਆ ਨੂੰ ਹਿਰਦੇ ਵਿਚ ਧਾਰਕੇ ਆਪਣੇ ਘਰਾਂ ਨੂੰ ਵਾਪਸ ਆ ਗਏ।

ਹਿੰਦੋਸਤਾਨ ਦੀ ਆਜ਼ਾਦੀ ਤੋਂ ਪਹਿਲਾਂ ਦੀ ਗੱਲ ਹੈ ਕਿ ਮੰਡੀ ਬਹਾਉਲਦੀਨ ਜ਼ਿਲ੍ਹਾ ਗੁਜਰਾਤ ਵਿਚ ਇੱਕ ਹਿੰਦੂ ਸਿੱਖ ਮਿਲਾਪ ਕਾਨਫ਼ਰੰਸ ਹੋਈ। ਜਿੱਥੇ ਇੱਕ ਮੁਸਲਮਾਨ ਪਠਾਣ ਦੇ ਦਰਸ਼ਨ ਸਭ ਸੰਗਤਾਂ ਨੂੰ ਕਰਾਏ ਗਏ। ਇਸ ਕਾਨਫ਼ਰੰਸ ਵਿਚ ਉਸ ਪਠਾਣ ਦੇ ਦਰਸ਼ਨ ਕਰ ਕੇ ਆਏ ਇੱਕ ਸੱਜਣ ਨੇ ਜੋ ਵਾਰਤਾ ਸੁਣਾਈ ਉਹ ਇਸ ਪਰਕਾਰ ਹੈ:

"ਮੈਂ ਲੋਹਗੜ੍ਹ ਦੇ ਰਹਿਣ ਵਾਲਾ ਇੱਕ ਮੁਸਲਮਾਨ ਪਠਾਣ ਹਾਂ। ਮੇਰਾ ਜਨਮ ਭਾਵੇਂ ਮੁਸਲਮਾਨ ਘਰਾਣੇ ਵਿਚ ਹੋਇਆ ਹੈ ਪਰ ਵਲੀ ਬਾਬਾ ਜੀ ਦੀ ਦਰਗਾਹ ਵਿਚ ਜਾਣ ਦਾ ਸ਼ੌਂਕ ਮੈਨੂੰ ਬਚਪਨ ਤੋਂ ਹੀ ਸੀ ਅਤੇ ਮੈਂ ਹਰ ਰੋਜ਼ ਤੜਕੇ ਉੱਠ ਕੇ ਬਾਬਾ ਜੀ ਦਾ ਪ੍ਰਸ਼ਾਦ ਜ਼ਰੂਰ ਲੈਂਦਾ। ਵਲੀ ਬਾਬਾ ਜੀ ਦੀ ਦਰਗਾਹ ਵਿਚ ਜੋ ਮੰਨਤ ਮੰਨ ਕੇ ਪ੍ਰਸ਼ਾਦ ਕੀਤਾ ਜਾਂਦਾ ਹੈ ਅਤੇ ਪਰਸ਼ਾਦ ਅੱਗੇ ਚਿੱਕ ਸੁੱਟ ਕੇ ਅਰਦਾਸ ਕੀਤੀ ਜਾਂਦੀ ਹੈ ਅਤੇ ਅਰਦਾਸ ਪੂਰੀ ਹੋਣ ਤੇ ਪ੍ਰਸ਼ਾਦ ਤੇ ਬਾਬਾ ਜੀ ਦਾ ਪੰਜਾ ਲੱਗਦਾ ਹੈ। ਜਿਸ ਦਿਨ ਪੰਜਾ ਨਹੀਂ ਲੱਗਦਾ ਉਸ ਦਿਨ ਇਹ ਜਾਣ ਕੇ ਕਿ ਪ੍ਰਸ਼ਾਦ ਵਿਚ ਕਿਸੇ ਦੀ ਮਾੜੀ ਕਮਾਈ ਇਸ ਵਿਚ ਪਈ ਹੈ, ਇਸ ਲਈ ਬਾਬਾ ਜੀ ਨੇ ਪ੍ਰਸ਼ਾਦ ਕਬੂਲ ਨਹੀਂ ਕੀਤਾ ਸੋ ਉਸ ਪ੍ਰਸ਼ਾਦ ਨੂੰ ਨਦੀ ਦੀ ਭੇਟ ਕਰ ਦਿੱਤਾ ਜਾਂਦਾ ਹੈ"। (ਨੋਟ: ਅੱਜ ਕਲ ਅਖੰਡ ਪਾਠਾਂ ਜਾਂ ਹੋਰ ਸਮਾਗਮਾਂ ਤੇ ਕੀਤੇ ਹੋਏ ਪ੍ਰਸ਼ਾਦ ਜਾਂ ਲੰਗਰ ਦੀ ਰਸਦ ਜੇ ਨੇਕ ਕਮਾਈ ਦੀ ਨਹੀਂ ਤਾਂ ਗੁਰੂ ਬਾਬਾ ਜੀ ਨੂੰ ਉਹ ਵੀ ਪ੍ਰਵਾਨ ਨਹੀਂ।) ਫਿਰ ਦੁਬਾਰਾ ਪ੍ਰਸ਼ਾਦ ਬਣਾ ਕੇ ਅਰਦਾਸ ਕੀਤੀ ਜਾਂਦੀ ਹੈ ਜਿਸ ਦੀ ਦੇਗ਼ ਤੇ ਪੰਜਾ ਲੱਗ ਜਾਂਦਾ ਹੈ ਉਹ ਟੱਬਰ ਖੁਸ਼ੀਆਂ ਮਨਾਉਂਦਾ ਪ੍ਰਸ਼ਾਦ ਲੈ ਕੇ ਘਰ ਇਸ ਵਿਸ਼ਵਾਸ ਨਾਲ ਜਾਂਦਾ ਹੈ ਕਿ ਮੇਰੀ ਅਰਦਾਸ ਕਬੂਲ ਹੋ ਗਈ ਹੈ। ਉੱਥੋਂ ਦਾ ਅੱਖੀਂ ਡਿੱਠਾ ਹਾਲ ਇੱਕ ਦਰਵੇਸ਼ ਨੇ ਇਨ੍ਹਾਂ ਲਫ਼ਜ਼ਾਂ ਵਿਚ ਬਿਆਨ ਕੀਤਾ ਹੈ:

ਵੋਹ ਲੋਹਗੜ੍ਹ ਕੇ ਲੋਗ ਨਜ਼ਰ ਕਾ ਹਲਵਾ ਪਕਾਤੇ ਹੈਂ,
ਸਭ ਦਸਤ ਬਸਤਾ ਬੈਠ ਕਰ ਤਾੜੀ ਲਗਾਤੇ ਹੈਂ।
ਗੁਰੂ ਜੀ ਵਹਾਂ ਪੇ ਆਪਣੀ ਤਸ਼ਰੀਫ਼ ਲਾਤੇ ਹੈਂ,
ਪੰਜਾ ਵੋ ਆਪਣਾ ਹਲਵੇ ਕੇ ਊਪਰ ਲਗਾਤੇ ਹੈਂ।

ਪੰਜਾ ਵੋ ਆਪ ਕੀ ਮੌਜੂ... ।ਦੇਖਾ ਰਹਾ,
ਵੋ ਕੌਣ ਜਾਣੇ ਕੌਣ ਥਾ ਨਾਨਕ ਕਹਾ ਰਹਾ।

ਉਸ ਪਠਾਣ ਨੇ ਅੱਗੋਂ ਦੱਸਿਆ ਕਿ ਜਦ ਮੇਰੀ ਸ਼ਾਦੀ ਨੂੰ 7 ਸਾਲ ਹੋ ਗਏ ਅਤੇ ਘਰ ਕੋਈ ਬਾਲ ਨਾ ਹੋਇਆ ਤਾਂ ਮਾਂ ਬਾਪ ਅਤੇ ਰਿਸ਼ਤੇਦਾਰਾਂ ਵਿਚ ਕਾਫ਼ੀ ਚਿੰਤਾ ਸੀ। ਮੈਂ ਆਪਣੀ ਖੇਤੀ ਦੀ ਕਮਾਈ ਵਿਚੋਂ ਦਸਵੰਧ ਕੱਢਣਾ ਸ਼ੁਰੂ ਕੀਤਾ ਅਤੇ ਘਰ ਵਾਲੀ ਨੂੰ ਆਖਿਆ ਕਿ ਇਹ ਪੈਸੇ ਵੱਖਰੇ ਰੱਖਣੇ। ਆਪਣੇ ਅਕੀਦੇ ਅਨੁਸਾਰ ਮੈਂ ਜੁੰਮੇ ਵਾਲੇ ਦਿਨ ਬਾਬਾ ਜੀ ਦੀ ਦਰਗਾਹ ਵਿਚ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਹੇ ਪੱਥਰਾਂ ਵਿਚ ਪੰਜੇ ਲਾਉਣ ਵਾਲਿਆ, ਹੇ ਵਲੀ ਬਾਬਾ ਤੇਰੇ ਚਰਨਾਂ ਵਿਚ ਜੋ ਵੀ ਆਏ ਖਾਲੀ ਕਦੇ ਨਾ ਜਾਏ ਹੇ ਸੱਚੇ ਪਾਤਸ਼ਾਹ ਇਸ ਗਰੀਬ ਦੀ ਝੋਲੀ ਵੀ ਭਰ ਦੇ ਮੈਂ ਤੇਰੇ ਦਰਬਾਰ ਵਿਚ ਆਪਣੇ ਬੱਚੇ ਨੂੰ ਲੈ ਕੇ ਹਾਜ਼ਰ ਹੋਵਾਂਗਾ ਅਤੇ ਲੰਗਰ ਕਰਾਵਾਂਗਾ।

ਮੇਰੇ ਤੇ ਬਾਬਾ ਜੀ ਦੀ ਮਿਹਰ ਹੋਈ ਅਤੇ ਮੇਰੇ ਘਰ ਇੱਕ ਬੇਟੇ ਨੇ ਜਨਮ ਲਿਆ। ਘਰ ਵਾਲਿਆਂ ਅਤੇ ਸਾਕਾਂ ਸਨਬੰਧੀਆਂ ਨੇ ਬਹੁਤ ਖੁਸ਼ੀ ਮਨਾਈ। ਜਦੋਂ ਬੱਚਾ 40 ਦਿਨਾਂ ਦਾ ਹੋ ਗਿਆ ਤਾਂ ਦਸਵੰਧ ਦੀ ਇਕੱਠੀ ਕੀਤੀ ਹੋਈ ਮਾਇਆ ਲੈ ਕੇ ਮੈਂ ਆਪਣੇ ਬੱਚੇ ਅਤੇ ਘਰ ਵਾਲੀ ਸਮੇਤ ਪੰਜਾ ਸਾਹਿਬ ਹਾਜ਼ਰ ਹੋਇਆ। ਪ੍ਰਸ਼ਾਦ ਕਰਵਾਇਆ ਅਰਦਾਸ ਹੋਈ ਪਰ ਕੋਈ ਪਰਦਾ ਨਾ ਕੀਤਾ ਗਿਆ ਅਤੇ ਪ੍ਰਸ਼ਾਦ ਵਰਤਾਉਣ ਤੋਂ ਪਹਿਲਾਂ ਮੈਂ ਆਪਣੀਆਂ ਅੱਖਾਂ ਨਾਲ ਵੇਖਣਾ ਚਾਹੁੰਦਾ ਸੀ ਕਿ ਮੇਰੇ ਬਾਬਾ ਜੀ ਦਾ ਪੰਜਾ ਲੱਗਾ ਹੈ ਕਿ ਨਹੀਂ। ਗਿਆਨੀ ਜੀ ਨੇ ਇਹ ਸਮਝਿਆ ਕੇ ਕਿ ਮੈਂ ਸ਼ਾਇਦ ਪ੍ਰਸ਼ਾਦ ਲੈਣ ਨੂੰ ਬਹੁਤ ਕਾਹਲਾ ਹਾਂ ਮੈਨੂੰ ਕਹਿਣ ਲੱਗੇ ਕਿ ਬੈਠ ਜਾਓ ਤੁਹਾਡੀ ਅਰਦਾਸ ਹੋ ਗਈ ਹੈ ਪ੍ਰਸ਼ਾਦ ਮਿਲ ਜਾਏਗਾ। ਜਦ ਮੈਂ ਕਿਹਾ ਕਿ ਮੈਂ ਦੇਖਣਾ ਚਾਹੁੰਦਾ ਹਾਂ ਕਿ ਮੇਰੇ ਬਾਬਾ ਜੀ ਨੇ ਪੰਜਾ ਲਗਾ ਕੇ ਮੇਰਾ ਪ੍ਰਸ਼ਾਦ ਪਰਵਾਨ ਕੀਤਾ ਹੈ ਕਿ ਨਹੀਂ। ਜਦ ਗਿਆਨੀ ਜੀ ਨੇ ਪ੍ਰਸ਼ਾਦ ਤੋਂ ਰੁਮਾਲ ਉਠਾਇਆ ਤਾਂ ਲੋਹ ਗੜ੍ਹ ਵਾਂਗ ਪ੍ਰਸ਼ਾਦ ਤੇ ਪੰਜੇ ਦਾ ਨਿਸ਼ਾਨ ਨਾ ਦੇਖ ਕੇ ਮੈਂ ਮਾਯੂਸ ਹੋਇਆ ਕਿ ਬਾਬਾ ਜੀ ਨੇ ਮੇਰਾ ਪ੍ਰਸ਼ਾਦ ਪਰਵਾਨ ਕਿਉਂ ਨਹੀਂ ਕੀਤਾ। ਕਮਰੇ ਵਿਚ ਆ ਕੇ ਮੈਂ ਘਰਵਾਲੀ ਨੂੰ ਪੁੱਛਿਆ ਕਿ ਮੇਰੇ ਦਸਵੰਧ ਵਾਲੇ ਪੈਸਿਆਂ ਵਿਚ ਕੋਈ ਹੋਰ ਪੈਸਾ ਤਾਂ ਨਹੀਂ ਰਲਾਇਆ। ਇਹ ਤਸੱਲੀ ਕਰ ਕੇ ਕਿ ਦਸਵੰਧ ਵਾਲੇ ਪੈਸਿਆਂ ਵਿਚ ਕੋਈ ਮਿਲਾਵਟ ਨਹੀਂ ਕੀਤੀ ਗਈ ਤਾਂ ਮੈਂ ਉੱਥੋਂ ਦੇ ਮੈਨੇਜਰ ਭਾਈ ਤਰਲੋਕ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਮੈਂ ਲੋਹ ਗੜ੍ਹ ਦੇ ਇਲਾਕੇ ਦਾ ਮੁਸਲਮਾਨ ਹਾਂ ਅਤੇ ਬਚਪਨ ਤੋਂ ਹੀ ਬਾਬਾ ਜੀ ਦੀ ਦਰਗਾਹ ਵਿਚ ਜਾਂਦਾ ਹਾਂ ਅਤੇ ਸਾਡੇ ਇਲਾਕੇ ਵਿਚ ਜੇ ਅਰਦਾਸ ਤੋਂ ਬਾਅਦ ਬਾਬਾ ਜੀ ਦਾ ਪੰਜਾ ਪ੍ਰਸ਼ਾਦ ਤੇ ਨਾ ਲੱਗੇ ਤਾਂ ਅਸੀਂ ਸਮਝਦੇ ਹਾਂ ਕਿ ਪ੍ਰਸ਼ਾਦ ਵਿਚ ਮਾੜੀ ਕਮਾਈ ਦਾ ਪੈਸਾ ਰਲ ਗਿਆ ਹੈ ਇਸ ਲਈ ਬਾਬਾ ਜੀ ਨੇ ਪ੍ਰਸ਼ਾਦ ਪਰਵਾਨ ਨਹੀਂ ਕੀਤਾ। ਬਾਬਾ ਜੀ ਦੀ ਮਿਹਰ ਸਦਕਾ ਮੈਨੂੰ ਬੱਚੇ ਦੀ ਦਾਤ ਮਿਲੀ ਹੈ ਜਿਸ ਦੀ ਨਿਆਜ਼ ਦੇਣ ਮੈਂ ਇੱਥੇ ਆਇਆ ਹਾਂ। ਅੱਜ ਮੈਂ ਆਪਣੀ ਸ਼ੁੱਧ ਕਮਾਈ ਦੇ ਦਸਵੰਧ ਵਿਚੋਂ ਦੋ ਵਾਰ ਪ੍ਰਸ਼ਾਦ ਕਰਵਾਇਆ ਹੈ ਪਰ ਬਾਬਾ ਜੀ ਦਾ ਪੰਜਾ ਨਾ ਲੱਗਾ ਦੇਖ ਕੇ ਮਨ ਮਾਯੂਸ ਹੋ ਗਿਆ ਹੈ। ਜੇ ਇਜਾਜ਼ਤ ਦਿਉ ਤਾਂ ਮੈਂ ਆਪ ਪ੍ਰਸ਼ਾਦ ਬਣਾ ਕੇ ਲਿਆਵਾਂ

ਬਾਬਾ ਜੀ ਦੀ ਦਰਗਾਹ ਵਿਚ। ਮੇਰਾ ਇਹ ਤਰਲਾ ਸੁਣ ਕੇ ਮੈਨੇਜਰ ਸਾਹਿਬ ਨੇ ਮੈਨੂੰ ਪ੍ਰਸ਼ਾਦ ਬਣਾ ਕੇ ਲਿਆਉਣ ਦੀ ਇਜਾਜ਼ਤ ਦੇ ਦਿੱਤੀ। ਮੈਂ ਸੁਭਾ ਸਵੇਰੇ ਉੱਠ ਕੇ ਚਸ਼ਮੇਂ ਵਿਚੋਂ ਇਸ਼ਨਾਨ ਕੀਤਾ ਸਾਫ਼ ਕੱਪੜੇ ਪਾਏ, ਪ੍ਰਸ਼ਾਦ ਵਾਲੇ ਬਰਤਨਾਂ ਨੂੰ ਚੰਗੀ ਤਰ੍ਹਾਂ ਸਾਫ਼ ਕੀਤਾ ਮੂੰਹ ਤੇ ਠਾਠਾ ਬੰਨ੍ਹ ਕੇ ਆਟਾ ਘਿਉ ਅਤੇ ਮਿੱਠਾ ਬਰਾਬਰ ਪਾ ਕੇ ਜਪੁਜੀ ਦਾ ਕਲਾਮ ਬਾਬਾ ਜੀ ਦੇ ਚਰਨਾਂ ਵਿਚ ਮਨ ਜੋੜ ਕੇ ਪੜ੍ਹਨਾ ਸ਼ੁਰੂ ਕੀਤਾ ਜਿਸ ਦਾ ਭੋਗ ਪੈਣ ਤੇ ਪ੍ਰਸ਼ਾਦ ਤਿਆਰ ਹੋ ਗਿਆ। ਫਿਰ ਪ੍ਰਸ਼ਾਦ ਨੂੰ ਥੋੜ੍ਹਾ ਠੰਢਾ ਕਰ ਕੇ ਸਿਰ ਤੇ ਰੱਖ ਕੇ ਬਾਬਾ ਜੀ ਦੀ ਦਰਗਾਹ ਵਿਚ ਪਹੁੰਚ ਕੇ ਪ੍ਰਸ਼ਾਦ ਚੌਂਕੀ ਤੇ ਰੱਖ ਕੇ ਆਪੇ ਹੀ ਹੇਠ ਲਿਖੇ ਭਾਵ ਦੀ ਅਰਦਾਸ ਸ਼ੁਰੂ ਕਰ ਦਿੱਤੀ:

ਹਉ ਆਇਆ ਦੂਰੋਂ ਚਲ ਕੇ ਮੈਂ ਤਕੀ ਤਉ ਸਰਨਾਇ ਜੀਉ
ਮੈਂ ਆਸਾ ਰੱਖੀ ਚਿਤ ਮਹਿ ਮੇਰਾ ਸਭੋ ਦੁਖ ਗਵਾਇ ਜੀਉ .....
ਦਰਮਾ ਦੇ ਠਾਡੇ ਦਰਬਾਰ।
ਤੁਝ ਬਿਨ ਸੁਰਤ ਕਰੇ ਕੋ ਮੇਰੀ ਦਰਸਨ ਦੀਜੈ ਖੋਲ ਕਿਵਾਰ।........
ਅਬ ਕੀ ਵਾਰ ਬਖਸ ਬੰਦੇ ਕਉ ਬਹੁਰਿ ਨ ਭਵਜਲ ਫੇਰਾ।.......

ਹੇ ਵਲੀ ਬਾਬਾ ਜੀ ਤੇਰੀ ਬਖ਼ਸ਼ੀ ਦਾਤ (ਮਾਣ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ..) ਬੱਚਾ ਤੂੰ ਬਖ਼ਸ਼ਿਆ ਹੈ ਧਨ ਦੌਲਤ ਸਭ ਤੇਰੀ ਹੈ ਬਾਬਾ ਜੀ ਮੈਂ ਤਾਂ (ਰੂਪ ਹੀਨ ਬੁਧ ਬਲ ਹੀਨੀ ਮੋਹਿ ਪ੍ਰਦੇਸਨ ਦੂਰ ਤੇ ਆਈ। ਨਾਹਿਨ ਦਰਬ ਨਾ ਜੋਬਨ ਮਾਤੀ ਮੋਹਿ ਅਨਾਥ ਕੀ ਕਰਉ ਸਮਾਈ)। ਹੇ ਤਾਰਨਹਾਰ ਮਿਹਰਾਂ ਦੇ ਸਾਂਈਂ ਭੁੱਲ ਚੁੱਕ ਤੇਰੇ ਦਰਬਾਰ ਹਉ ਪਾਪੀ ਤੂੰ ਬਖ਼ਸ਼ਣਹਾਰ, ਜੇ ਮੇਰਾ ਪ੍ਰਸ਼ਾਦ ਪਰਵਾਨ ਨਾ ਹੋਇਆ ਤਾਂ ਕੀ ਮੂੰਹ ਲੈ ਕੇ ਘਰ ਜਾਂਵਾਂਗਾ, ਤੇਰੀ ਬਖ਼ਸ਼ੀ ਮਾਇਆ 'ਚੋਂ ਦਸਵੰਧ ਦਾ ਪ੍ਰਸ਼ਾਦ ਹਾਜ਼ਰ ਹੈ। ਹੇ ਮੇਰੇ ਸਾਂਈਆਂ ਮੇਰੀ ਅਰਜ਼ ਕਬੂਲ ਕਰ ਜੋ ਬੱਚਾ ਬਖ਼ਸ਼ਿਸ਼ ਕੀਤਾ ਹੈ ਉਹ ਆਪ ਦੇ ਦਰਬਾਰ ਹਾਜ਼ਰ ਹੈ ਆਪ ਆਪਣੀ ਮਿਹਰ ਕਰੋ ਪ੍ਰਸ਼ਾਦ ਕਬੂਲ ਕਰੋ (ਕਰਵਤ ਭਲਾ ਨ ਕਰਵਟ ਤੇਰੀ। ਲਾਗ ਗਲੇ ਸੁਣ ਬੇਣਤੀ ਮੇਰੀ॥ ਹਉ ਵਾਰੀ ਮੁਖ ਫੇਰ ਪਿਆਰੇ। ਕਰਵਟ ਦੇ ਮੋਕਉ ਕਾਹੇ ਕਉ ਮਾਰੇ॥)

ਇਹ ਕਹਿ ਕੇ ਮੇਰਾ ਗੱਚ ਭਰ ਗਿਆ ਅਤੇ ਕੋਈ ਅੱਖ਼ਰ ਮੂੰਹ ਵਿਚੋਂ ਨਹੀਂ ਸੀ ਨਿਕਲਦਾ। ਮੈਂ ਬਾਬਾ ਜੀ ਦੇ ਅੱਗੇ ਚੌਫਾਲ ਡਿੱਗ ਪਿਆ। ਜਦ ਡਿੱਗੇ ਨੂੰ ਕੁੱਝ ਮਿੰਟ ਹੋ ਗਏ ਤਾਂ ਇੱਕ ਸੇਵਾਦਾਰ ਨੇ ਉਠਾਇਆ ਹੋਸ਼ ਵਿਚ ਲਿਆਂਦਾ ਅਤੇ ਜਦ ਮੈਂ ਰੁਮਾਲਾ ਚੁੱਕ ਕੇ ਪ੍ਰਸ਼ਾਦ ਤੇ ਬਾਬਾ ਜੀ ਦਾ ਪੰਜਾ ਦੇਖਿਆ ਤਾਂ (ਸੁਧ ਕੀ ਨ ਸੁਧ ਰਹੀ...) ਸਾਰੇ ਪ੍ਰਵਾਰ ਨੇ ਖੁਸ਼ੀ ਮਨਾਈ ਜੈਕਾਰੇ ਛੱਡੇ ਗਏ।

ਮੇਰੇ ਪਿਆਰੇ ਗੁਰਸਿੱਖ ਮਾਈ ਭਾਈ ਜੀਓ ਇਹ ਹਨ ਅਰਦਾਸ ਦੇ ਕੁੱਝ ਕ੍ਰਿਸ਼ਮੇ ਜੋ ਸਿੱਖ ਰੌਸ਼ਨ ਮਿਨਾਰ ਦੀ ਤਰ੍ਹਾਂ ਅਰਦਾਸ ਦੀ ਬਰਕਤ ਦਾ ਸੰਦੇਸ਼ ਦੇ ਰਹੇ ਹਨ।

ਜ਼ਮੀਂ ਬਦਲੇ, ਜ਼ਮਾਂ ਬਦਲੇ।
ਮਕੀਂ ਬਦਲੇ ਮਕਾਂ ਬਦਲੇ।
ਜਿਸਮ ਤੇ ਖੂਨੋ ਜਿਗਰ ਭੀ ਬਦਲੇ
ਜਹਾਂ ਜਹਾਂ ਮੈਂ ਪਨਾਹ ਮਾਂਗੂੰ
ਵਹਾਂ ਵਹਾਂ ਕੁਲ ਜਹਾਂ ਬਦਲੇ।
ਮਗਰ ਯੇ ਮੁਮਕਿਨ ਹੋ ਨਹੀਂ ਸਕਤਾ
ਕਿ ਇੱਕ ਗੁਰਸਿੱਖ ਕੀ ਜ਼ੁਬਾਂ ਬਦਲੇ। 'ਕੀਤੀ ਅਰਦਾਸ

ਤਾ ਕਉ ਬਿਘਨ ਨਾ ਕੋਊ ਲਾਗੈ।
ਜਾ ਕੀ ਪ੍ਰਭ ਆਗੈ ਅੰਰਦਾਸ॥

*************

# ਇੱਕ ਆਦਰਸ਼ਕ ਜੀਵਨ

ਜੀਨ ਨੂੰ ਤਾਂ ਸਭ ਜੀ ਰਹੇ ਹਨ ਪਸ਼ੂ ਪੰਛੀ ਅਤੇ ਪ੍ਰਾਣੀ ਮਾਤਰ ਪਰ ਜੀਨ ਜੀਨ ਵਿਚ ਵੀ ਕਾਫ਼ੀ ਫ਼ਰਕ ਹੈ। ਪਸ਼ੂ ਪੰਛੀ ਤਾਂ ਜੀਂਦੇ ਹਨ ਪਰ ਚੇਤਨਾ ਰਹਿਤ ਪਰ ਮਨੁੱਖ ਨੂੰ ਪ੍ਰਮਾਤਮਾ ਨੇ ਚੇਤਨਾ/ਸੋਚ ਸ਼ਕਤੀ ਵੀ ਦਿੱਤੀ ਹੈ। ਹਟ ਪ੍ਰਾਣੀ ਦੀ ਸੋਚ ਇੱਕੋ ਜਿਹੀ ਨਹੀਂ ਹੁੰਦੀ। ਕੁੱਝ ਵਿਅਕਤੀ ਇਹੋ ਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਸਾਧਿਆ ਹੁੰਦਾ ਹੈ ਅਤੇ ਹੋਰਨਾਂ ਨੂੰ ਜੀਵਨ ਜਾਚ ਸਿਖਾਉਂਦੇ ਹਨ। ਜਿਹੜਾ ਮਨੁੱਖ ਆਪਣੀ ਸੋਚ ਤੋਂ ਕੰਮ ਨਾ ਲਵੇ ਆਪਣੇ ਧਰਮ ਦੇ ਅਸੂਲਾਂ ਤੇ ਨਾ ਚੱਲੇ ਐਸੇ ਮਨੁੱਖ ਦਾ ਜੀਵਨ ਪਸ਼ੂ ਸਮਾਨ ਹੈ। ਪਰ ਕਈ ਵਾਰ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਪ੍ਰਾਣੀ ਆਪ ਜੀਵਨ ਦੇ ਮਨੋਰਥ ਨੂੰ ਨਹੀਂ ਜਾਣਦਾ ਪਰ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਸਮੇਂ ਕਿਸੇ ਐਸੇ ਪਰਉਪਕਾਰੀ ਸਜਣ ਨਾਲ ਮੇਲ ਹੋ ਜਾਂਦਾ ਹੈ ਜਿਸ ਨੇ ਆਪਣੇ ਜੀਵਨ ਦਾ ਮਨੋਰਥ ਹੀ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਅਤੇ ਭੁੱਲੇ ਸੰਸਾਰ ਨੂੰ ਗਿਆਨ ਦੀ ਰੌਸ਼ਨੀ ਦੇਣੀ ਬਣਾਇਆ ਹੋਵੇ। ਐਸੇ ਮਨੁੱਖ ਦੀ ਸੰਗਤ ਵਿਚ ਤੁਹਾਨੂੰ ਜੀਵਨ ਦਾ ਮਨੋਰਥ "ਪ੍ਰਾਨੀ ਤੂੰ ਆਇਓ ਲਾਹਾ ਲੈਣ ....." ਪਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ।

ਇੱਕ ਧਾਰਮਕ ਯਾਤਰਾ ਦੌਰਾਨ ਮੇਰੇ ਜਿਹੇ ਭੁੱਲੜ ਮਨੁੱਖ ਨਾਲ ਇੱਕ ਐਸੇ ਹੀ ਵਿਅਕਤੀ ਨਾਲ ਮੇਲ ਹੋਇਆ। ਉਨ੍ਹਾਂ ਦੇ ਪਿਆਰ ਭਰੇ ਅਤੇ ਖੁੱਲ੍ਹੇ ਸੁਭਾਅ ਨੇ ਮੇਰੇ ਮਨ ਤੇ ਗੂੜ੍ਹਾ ਅਸਰ ਕੀਤਾ ਅਤੇ ਮੈਂ ਆਪਣਾ ਮਨ ਉਨ੍ਹਾਂ ਦੇ ਸਾਹਮਣੇ ਖੋਲ੍ਹ ਕੇ ਰੱਖ ਦਿੱਤਾ। ਜੀਵਨ ਵਾਲਾ ਹਿਰਦਾ ਹੀ ਕਿਸੇ ਦੇ ਮਨ ਤੇ ਅਤੇ ਖਾਸ ਕਰ ਮੇਰੇ ਜਿਹੇ ਖੁੱਲ੍ਹੇ ਸੁਭਾਅ ਵਾਲੇ ਆਦਮੀ ਦੇ ਮਨ ਤੇ ਸਦੀਵੀ ਪ੍ਰਭਾਵ ਛੱਡ ਸਕਦਾ ਹੈ। ਮੇਰਾ ਆਪਣਾ ਸ਼ੁਰੂ ਦਾ ਵਿਚਾਰ ਸੀ ਕਿ ਸੰਤ, ਗਿਆਨੀ, ਵਿਦਵਾਨ ਅਤੇ ਗੂੜ੍ਹੇ ਖਿਆਲਾਂ ਵਾਲੇ ਲੋਕ ਆਪਣੀ ਵਿਦਵਤਾ ਦਾ ਪ੍ਰਭਾਅ ਪਾਉਣ ਲਈ ਆਪਣੇ ਖਿਆਲ ਬੜੀ ਬਿਖੜੀ/ਔਖੀ ਭਾਸ਼ਾ ਵਿਚ ਲਿਖ ਦਿੰਦੇ ਹਨ ਜੋ ਆਮ ਮਨੁੱਖ ਦੀ ਸਮਝਣ ਦੀ ਸਮਰੱਥਾ ਤੋਂ ਬਾਹਰ ਹੁੰਦੇ ਹਨ। ਐਸੇ ਬਿਖੜੀ ਭਾਸ਼ਾ ਵਿਚ ਲਿਖੇ ਵਿਚਾਰ ਮਨੁੱਖ ਤੇ ਅਸਰ ਪਾਉਣ ਦੀ ਥਾਂ ਉਸ ਨੂੰ ਹੋਰ ਦੁਬਿਧਾ ਵਿਚ ਪਾ ਦਿੰਦੇ ਹਨ। ਸੌਖੀ ਜ਼ੁਬਾਨ ਵਿਚ ਲਿਖਣਾ ਅਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਲਿਖਣਾ ਇਹ ਗੱਲ ਮੈਨੂੰ ਗਿਆਨੀ ਵਰਿਯਾਮ ਸਿੰਘ ਜੀ 'ਆਦ੍ਰਸ਼' ਦੀ ਧਾਰਮਕ ਲੇਖਣੀ ਵਿਚ ਨਜ਼ਰ ਆਈ ਹੈ।

ਆਮ ਜਾਣਕਾਰੀ ਵਾਲਾ ਇਨਸਾਨ ਇਸ ਤਰ੍ਹਾਂ ਦੀ ਪ੍ਰਭਾਵਸ਼ਾਲੀ, ਸਪਸ਼ਟ ਅਤੇ ਖੋਜ ਵਾਲੀ ਲਿਖਤ ਨਹੀਂ ਲਿਖ ਸਕਦਾ। ਜੇ ਮੈਂ ਗਿਆਨੀ ਜੀ ਨੂੰ 'ਸੰਤ' ਜੀ ਵੀ ਕਰ ਕੇ ਲਿਖਾਂ ਤਾਂ ਇਹ ਮੇਰੀ ਭੁੱਲ ਨਹੀਂ ਹੋਵੇਗੀ। ਆਪ ਜੀ ਦੇ ਪਰਵਾਰ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਜੀ ਮੀਰੀ ਪੀਰੀ ਦੇ ਮਾਲਕ ਦੇ ਸਮੇਂ ਤੋਂ ਸਿੱਖੀ ਦੀ ਦਾਤ ਪ੍ਰਾਪਤ ਹੋਈ। ਆਪ ਜੀ ਦੇ ਬਜ਼ੁਰਗ ਭਾਈ ਦਾਨਾ ਜੀ ਨੇ ਕਿਵੇਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ ਇਹ ਇੱਕ ਲੰਮੀ ਗਾਥਾ ਹੈ ਜਿਸ ਦਾ ਜ਼ਿਕਰ ਪੁਰਾਤਨ ਗ੍ਰੰਥਾਂ ਵਿਚ ਆਉਂਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਤੋਂ ਸਿੱਖੀ ਪ੍ਰਾਪਤ ਕਰਨ ਤੋਂ ਬਾਅਦ ਆਪ ਜੀ ਦੀ ਇਹ ਨੌਂਵੀ ਪੀੜ੍ਹੀ ਚੱਲ ਰਹੀ ਹੈ। ਉਹ ਪਿਆਰ ਦੀ ਕਣੀ ਜੋ ਸ੍ਰੀ ਗੁਰੂ ਹਰਿ ਗੋਬਿੰਦ ਜੀ ਮਹਾਰਾਜ ਨੇ ਭਾਈ ਦਾਨਾ ਜੀ ਨੂੰ ਪ੍ਰਾਪਤ ਹੋਈ ਉਸ

ਦੀ ਮਹਿਕ ਗਿਆਨੀ ਵਰਿਆਮ ਸਿੰਘ ਜੀ ਵਿਚ ਮੌਜੂਦ ਹੈ। ਆਪ ਜੀ ਬਹੁਤ ਪਿਆਰ ਵਾਲੇ ਦੁਖੀਆਂ ਦਾ ਦਰਦ ਵੰਡਾਉਣ ਵਾਲੇ ਗੁਰੂ ਆਸ਼ੇ ਤੇ ਚੱਲਣ ਅਤੇ ਚਲਾਉਣ ਵਾਲੇ ਵਿਅਕਤੀ ਹਨ। ਆਪ ਜੀ ਨਾਲ ਗੂੜ੍ਹੇ ਵਿਚਾਰ ਵਟਾਂਦਰੇ ਸਮੇਂ ਹੀ ਆਪ ਦੀ ਵਿਦਵਤਾ ਦਾ ਪੂਰਾ ਪਤਾ ਚੱਲਦਾ ਹੈ। ਗੁਰੂ ਆਸ਼ੇ ਨੂੰ ਸਾਹਮਣੇ ਰੱਖਦਿਆਂ ਗੁਰਬਾਣੀ ਦੀ ਸੇਧ ਵਿਚ ਉਨ੍ਹਾਂ ਦੇ ਜੁਆਬ ਤੁਹਾਨੂੰ ਪ੍ਰਭਾਵਿਤ ਕਰਨ ਤੋਂ ਬਿਨਾਂ ਨਹੀਂ ਰਹਿ ਸਕਦੇ।

ਆਪ ਜੀ ਦਾ ਕੀਰਤਨ ਇਤਨਾ ਮਨਮੋਹਿਕ ਅਤੇ ਪ੍ਰਭਾਵਸ਼ਾਲੀ ਹੈ ਜੋ ਮੇਰੀ ਕਲਮ ਦੇ ਲਿਖਣ ਸ਼ਕਤੀ ਤੋਂ ਬਾਹਰ ਹੈ।

'ਅਰਦਾਸ ਸ਼ਕਤੀ' ਦੀ ਇਹ ਛੋਟੀ ਜਿਹੀ ਪੁਸਤਕ ਇੱਕ ਵਾਰ ਪੜ੍ਹਨ ਤੇ ਤੁਹਾਨੂੰ ਗੁਰੂ ਤੇ ਭਰੋਸਾ ਅਤੇ ਸ਼ਰਧਾ ਨਾਲ ਭਰ ਦੇਵੇਗੀ। ਇਹ ਪੁਸਤਕ ਆਮ ਮਨੁੱਖ ਨੂੰ ਗੁਰੂ ਆਸ਼ੇ ਤੇ ਚੱਲਣ ਦਾ ਰਾਹ ਦਿਖਾਵੇਗੀ। ਜਿੱਥੇ ਆਪ ਕੀਰਤਨ ਅਤੇ ਕਥਾ ਦੇ ਧਨੀ ਹਨ ਉੱਥੇ ਇਹ ਪੁਸਤਕ ਆਪ ਜੀ ਨੂੰ ਖੋਜੀ ਲਿਖਾਰੀਆਂ ਦੀ ਇੱਕ ਪੰਗਤੀ ਵਿਚ ਲਿਆ ਖੜਾ ਕਰਦੀ ਹੈ। ਪੁਸਤਕ ਵਿਚ ਲਿਖੀਆਂ ਸਾਖੀਆਂ ਦੇ ਵਿਚਾਰ ਤੁਹਾਡੇ ਮਨ ਨੂੰ ਪ੍ਰਭਾਵਿਤ ਕਰਦੇ ਹਨ।

ਮੇਰੇ ਵਿਚਾਰਾਂ ਨੂੰ ਗੁਰੂ ਆਸ਼ੇ ਅਨੁਸਾਰ ਚਲਾਉਣ ਵਾਲੇ ਅਤੇ ਬਹੁਤ ਸਾਰੇ ਸ਼ੰਕੇ ਦੂਰ ਕਰਨ ਵਾਲੇ ਸੰਤ ਰੇਣ ਗਿਆਨੀ ਵਰਿਆਮ ਸਿੰਘ ਜੀ ਨੂੰ ਮੈਂ ਹਾਰਦਿਕ ਵਧਾਈ ਦਿੰਦਾ ਹਾਂ ਜੋ ਆਪ ਜੀ ਨੇ ਇਹ ਪੁਸਤਕ ਲਿਖ ਕੇ ਅੱਜ ਕਲ ਦੀ ਨਵੀਂ ਪੀੜੀ ਦੇ ਬੱਚਿਆਂ ਨੂੰ 'ਅਰਦਾਸ' ਦੀ ਸ਼ਕਤੀ ਦੇ ਸੋਮੇ ਨਾਲ ਜੋੜਨ ਦਾ ਸਫਲ ਯਤਨ ਕੀਤਾ ਹੈ। ਇਸ ਛੋਟੀ ਜਿਹੀ ਪੁਸਤਕ ਦੀ ਸਾਦਾ ਲੇਖਣੀ ਮੇਰੇ ਜਿਹੇ ਕਈ ਭੁੱਲੜਾਂ ਨੂੰ ਸਿੱਧੇ ਰਸਤੇ ਪਾਏਗੀ।

ਅਖੀਰ ਵਿਚ ਮੈਂ ਸੰਤ ਰੇਣ ਜੀ ਦਾ ਅਤੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਕੁੱਝ ਅੱਖਰ ਲਿਖਣ ਦਾ ਮੌਕਾ ਦਿੱਤਾ।

ਮੈਂ ਹਾਂ ਆਪ ਜੀ ਦਾ ਦਾਸਨ ਦਾਸ

ਜਗਜੀਤ ਸਿੰਘ ਅਨੰਤ



ਸੇਵਾ ਸਿਮਰਨ ਅਤੇ ਪਿਆਰ ਦੇ ਪੁੰਜ ਸਰਦਾਰਨੀ ਪ੍ਰੀਤਮ ਕੌਰ ਜੀ
ਜਿਨ੍ਹਾਂ ਦੀ ਪ੍ਰੇਰਨਾ ਸਦਕਾ ਪੁਸਤਕ ਦਾ ਇਹ ਸੰਸਕਰਨ ਛਪਿਆ।



ਗੁਰਦੁਆਰਾ ਖਾਰਾ ਸਾਹਿਬ ਪਾਤਸ਼ਾਹੀ 6ਵੀਂ ਮੱਟੂ ਭਾਈਕੇ (ਜ਼ਿਲ੍ਹਾ ਗੁਜਰਾਂਵਾਲਾਂ ਪਾਕਿਸਤਾਨ) ਜਿੱਥੇ ਸੰਤ ਰੇਣ ਗਿਆਨੀ ਵਰਿਯਾਮ ਸਿੰਘ ਜੀ ਦੇ ਬਜ਼ੁਰਗ ਭਾਈ ਦਾਨਾ ਜੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸੋਂ ਗੁਰਸਿੱਖੀ ਦੀ ਦਾਤ ਪ੍ਰਾਪਤ ਦੀ ਹੋਈ। ਸੰਤ ਰੇਣ ਜੀ ਨੇ ਇਸ ਗੁਰਦੁਆਰੇ ਦੀ ਉਸਾਰੀ ਸਮੇਂ ਤਨ ਮਨ ਧਨ ਨਾਲ ਸੇਵਾ ਕੀਤੀ।